SATJUG
1920 ਤੋਂ ਸਾਲ 99 ਵਾਂ

Price:Rs.5/-

# ਸਤਜੁਗ

ਸਤਜੁਗਿ ਸਚੁ ਕਹੈ ਸਭੁ ਕੋਈ॥

ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਮਾਘ ੨੦੭੫
14 To 28 Jan. 2019

ਜਿਲਦ 26
ਨੰਬਰ 30
Total Pages 48



ਇਹ ਉਹ ਆਸ਼ਕ ਇਸ਼ਕ ਸ਼ਮਾਂ ਦੇ, ਜੋ ਮੌਤੋਂ ਮੂਲ ਨਾ ਡਰਦੇ।
ਤੋਪਾਂ ਅੱਗੇ ਤੂੰਬੇ ਉੱਡਣ, ਮੌਤ ਰਾਣੀ ਨੂੰ ਵਰ੍ਹਦੇ।

# ਸਸਰਾਲੀ ਕਲੋਨੀ ਵਿਖੇ ਹੋਏ ਅਖੰਡ ਪਾਠਾਂ ਅਤੇ ਨਾਮ ਸਿਮਰਨ ਵਰਨੀਆਂ ਦੀਆਂ ਝਲਕੀਆਂ-



ਸੋਧੀ ਸਿੰਘ ਪਾਠ ਕਰਦੇ ਹੋਏ।



ਨਾਮ ਸਿਮਰਨ ਵਰਨੀਆਂ ਵਿੱਚ ਭਾਗ ਲੈਂਦੇ ਹੋਏ ਨੌਜਵਾਨ।



ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣ ਲਈ ਪਧਾਰਦੇ ਹੋਏ।



ਸੰਗਤਾਂ ਸਤਿਗੁਰੂ ਜੀ ਨੂੰ ਨਤਮਸਤਕ ਹੁੰਦੀਆਂ ਹੋਈਆਂ।



ਸੂਬਾ ਬਲਵਿੰਦਰ ਸਿੰਘ ਝੱਲ ਸਮਾਗਮ ਸਮਾਪਤੀ ਦੀ ਅਰਦਾਸ ਕਰਦੇ ਹੋਏ।

# ਸਤਿਜੁਗ

੧ ਤੋਂ ੧੫ ਮਾਘ ੨੦੭੫ ਬ੍ਰਿ.
14 ਤੋਂ 28 ਜਨਵਰੀ 2019 ਈ:
ਜਿਲਦ 26, ਵੀਰਵਾਰ ਨੰਬਰ 30

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

***Printed and Published by***
***Mr. Harvendra Singh Hanspal***
***on behalf of Namdhari Darbar.***
***Printed at Summit advertising press,***
***2DLF (Part), Moti Nagar, New Delhi***
***and Published from Namdhari Gurdwara,***
***Ramesh Nagar, New Delhi-110015.***

**Date of Publication: 9-1-2019,**
**Date of Posting: 10-11 Jan. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

# ਤਤਕਰਾ

* ਸੰਪਾਦਕੀ-- ਮਾਘੀ, ਮਲੇਰਕੋਟਲੇ ਦੇ ਮਹਾਨ.......
ਸੁਵਰਨ ਸਿੰਘ ਵਿਰਕ.....................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................8
* ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ........................8
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ .........................9
* ਪਾਠਸ਼ਾਲਾ ਤੋਂ ਕਤਲ ਗਾਹ ਤੱਕ (ਕਹਾਣੀ)
ਸ੍ਰ. ਨਾਨਕ ਸਿੰਘ ਨਾਵਲਿਸਟ ..........................11
* ਗਦਰੀਆਂ ਪ੍ਰਤੀ ਲਾਲਾ ਹਰਦਿਆਲ......
ਡਾ.ਗੁਰਦੇਵ ਸਿੰਘ ਸਿੱਧੂ ............................15
** Kuka Movement And Its Founder*
*Dr. Fauja Singh ..............................................21*
* *A Saga Of Sri Satguru Jagjit Singh ji*
*Dr. Sharada Jayagovind..............................25*
* ਕਾਵਿ ਕਿਆਰੀ ..................................................27
* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ......................29
* ਸੁੱਚੇ ਮੋਤੀ ...................................................31
* ਬੱਚਿਆਂ ਦਾ ਪੰਨਾ................................................32
* ਖ਼ਬਰਨਾਮਾ........................................................33

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

## ਮਾਘੀ, ਮਲੇਰਕੋਟਲੇ ਦੇ ਮਹਾਨ ਬਲੀਦਾਨ ਦੀ ਵਿਰਾਸਤ - ਭਾਰਤੀ ਗਣਤੰਤਰ

ਪਰਿਵਰਤਨ ਪਰਕਿਰਤੀ ਦਾ ਅਟੱਲ ਨਿਯਮ ਹੈ। ਦਿਨ ਰਾਤ ਦੇ ਪੰਘੂੜਿਆਂ ਵਿੱਚ ਸਾਰੀ ਕਾਇਨਾਤ ਝੂਟੇ ਲੈਂਦੀ ਹੈ। ਚੰਦਰਮਾ ਧਰਤੀ ਦੁਆਲੇ ਅਤੇ ਧਰਤੀ ਸੂਰਜ ਗਿਰਦੇ ਗੇੜੇ ਕੱਟਦੀ ਹੈ, ਦਿਨ ਰਾਤ ਬਣਦੇ ਹਨ, ਵੱਖ-ਵੱਖ ਮੌਸਮ ਹੋਂਦ ਵਿੱਚ ਆਉਂਦੇ ਹਨ। ਮੌਸਮਾਂ ਦੇ ਪੱਖੋਂ ਸਾਡਾ ਦੇਸ਼, ਦੁਨੀਆ ਭਰ ਵਿੱਚ ਬੜਾ ਅਮੀਰ ਦੇਸ਼ ਹੈ ਜਿੱਥੇ ਹਰ ਦੋ ਮਹੀਨੇ ਬਾਅਦ, ਮੌਸਮ ਬਦਲ ਜਾਂਦਾ ਹੈ। ਕੁਝ ਮਹੀਨੇ ਗਰਮੀ-ਸਰਦੀ ਸਿਰੇ ਦੀ ਹੁੰਦੀ ਹੈ, ਕੁਝ ਮਹੀਨੇ ਦਰਮਿਆਨੀ। ਕੁਝ ਮਹੀਨੇ ਗਰਮੀ-ਸਰਦੀ ਦੋਹਾਂ ਤੋਂ ਬਚ ਕੇ ਖੁਸ਼ਗਵਾਰ ਮੌਸਮ ਹੁੰਦਾ ਹੈ। ਪੱਤਝੜ ਵੀ ਇੱਥੇ ਵਾਪਰਦੀ ਹੈ ਅਤੇ ਬਹਾਰ ਰੁੱਤ ਵੀ ਇੱਥੇ ਪੁੰਗਰਦੀ ਹੈ। ਸਾਡੇ ਪੁਰਾਤਨ ਸਮੇਂ ਤੋਂ ਮਨਾਏ ਜਾਂਦੇ ਬਹੁਤੇ ਤਿਉਹਾਰ, ਦਿਨ-ਦਿਹਾਰ ਵੀ ਮੌਸਮੀ ਤਬਦੀਲੀਆਂ ਦੇ ਸੂਚਕ ਹਨ। ਗਰਮੀ ਦੀ ਆਮਦ ਦੇ ਨੇੜੇ ਅਸੀਂ ਵੈਸਾਖੀ ਮਨਾਉਂਦੇ ਹਾਂ ਅਤੇ ਸਰਦੀ ਦਾ ਸੁਆਗਤ ਦੀਵਾਲੀ ਦੇ ਦੀਵੇ ਕਰਦੇ ਹਨ। ਬਰਸਾਤਾਂ ਵਿਚ ਤੀਆਂ ਅਤੇ ਰੱਖੜੀ ਭੈਣ-ਭਰਾਵਾਂ ਦੇ ਪ੍ਰੇਮ ਦੇ, ਪੇਕਿਆਂ ਵਿੱਚ ਸੱਜ ਵਿਆਹੀਆਂ ਵਰ੍ਹੀਆਂ ਕੁੜੀਆਂ ਚਿੜੀਆਂ ਦੇ ਇਕੱਠੇ ਹੋਣ ਦੇ ਦਿਨ ਹੁੰਦੇ ਸਨ। ਕੜਾਕੇ ਦੀ ਸਰਦੀ ਨੂੰ ਵਿਦਾਅ ਕਰਨ ਲਈ ਲੋਹੜੀ ਬਾਲੀ ਜਾਂਦੀ ਹੈ ਅਤੇ ਬਹਾਰ ਰੁੱਤ ਦੀ ਆਮਦ ਦਾ ਸੰਕੇਤ ਮਾਘੀ ਦਾ ਇਸ਼ਨਾਨ ਕਰਨ ਨਾਲ ਮਿਲਦਾ ਸੀ। ਬੇਸ਼ੱਕ ਸਾਡੇ ਆਦਿ ਗੁਰੂ, ਸਤਿਗੁਰੂ ਨਾਨਕ ਜੀ ਨੇ ਥਿੱਤਾਂ ਤਿਉਹਾਰਾਂ ਦੇ ਸੰਬੰਧ ਵਿੱਚ ਆਮ ਲੋਕਾਂ ਦੇ ਮਨਾਂ ਵਿੱਚ, ਪੁਰੋਹਿਤ ਵਰਗ ਵੱਲੋਂ ਫੈਲਾਈਆਂ ਭਰਾਂਤੀਆਂ ਦਾ ਨਿਰਾਕਰਣ ਕਰਦਿਆਂ ਕਿਸੇ ਵੀ ਦਿਨ, ਥਿੱਤ ਜਾਂ ਤਿਉਹਾਰ ਦੇ ਵਿਸ਼ੇਸ਼ ਹੋਣ ਦਾ ਖੰਡਨ ਕਰਦਿਆਂ ਦੱਸਿਆ ਕਿ ਕੁਦਰਤ ਦੇ ਕਾਰਖਾਨੇ ਵਿਚ ਬਣੇ ਸਾਰੇ ਦਿਨ, ਇਕੋ ਜਿਹੇ ਹੀ ਹੁੰਦੇ ਹਨ-

ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ॥

(ਜਪੁਜੀ, ਮ. ੧, ਅੰਕ ੪)

ਫਿਰ ਵੀ ਇਹਨਾਂ ਦਿਨਾਂ ਦੇ ਨਾਲ ਜਦੋਂ ਕੁਝ ਇਤਿਹਾਸਿਕ ਘਟਨਾਵਾਂ ਜੁੜ ਜਾਂਦੀਆਂ ਹਨ ਤਾਂ ਇਹ ਸਾਡੀ ਸਿਮਰਤੀ ਦਾ ਭਾਗ ਬਣ ਜਾਂਦੀਆਂ ਹਨ। ਮਾਘੀ ਦਾ ਦਿਨ ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਿਤ, ਸਿੱਖ ਇਤਿਹਾਸ ਦਾ ਇੱਕ ਵਰਿਆਮਗੀ ਵਾਲਾ ਦਿਨ ਹੋ ਨਿੱਬੜਿਆ। ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਸਰਬੰਸ ਦਾਨੀ, ਬਾਦਸ਼ਾਹ ਦਰਵੇਸ਼, ਮਰਦ-ਅਗੰਮੜੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗੁਆਈ ਹੇਠ, ਉਹਨਾਂ ਦੇ ਸਾਜੇ ਖ਼ਾਲਸੇ ਵੱਲੋਂ ਵੇਲੇ ਦੀ ਜਾਬਰ ਹਕੂਮਤ ਦੇ ਖ਼ਿਲਾਫ, ਹੱਕ ਸੱਚ ਦੀ ਜੰਗ ਲੜੀ ਜਾ ਰਹੀ ਸੀ। ਵੈਰੀ ਦਲ ਦੀ ਗਿਣਤੀ ਸਿੱਖ ਸੈਨਾ ਦੇ ਮੁਕਾਬਲੇ ਬਹੁਤ ਜ਼ਿਆਦਾ ਸੀ। ਇਸ ਅਸਾਂਵੇ ਜੰਗ ਵਿੱਚ ਗੁਰੂ ਜੀ ਆਪਣੇ ਸਿੰਘਾਂ ਨੂੰ ਸਿਦਕ, ਸਬਰ ਅਤੇ ਸਿਰੜ ਨਾਲ ਜੂਝ ਕੇ ਇਤਿਹਾਸ ਸਿਰਜਣ ਦੀ ਸਿੱਖਿਆ ਦੇ ਰਹੇ ਸਨ। ਸਿੱਖ ਸੂਰਮੇ ਗੁਰੂ ਜੀ ਦੇ ਨਾਲ ਕਿਲੇ ਵਿੱਚ ਘਿਰੇ ਸਨ। ਬਾਹਰੋਂ ਰਸਤਾਂ ਆਉਣੀਆਂ ਰੋਕ ਦਿੱਤੀਆਂ ਗਈਆਂ। ਘੇਰਾ ਕਈ ਮਹੀਨੇ ਲੰਮਾ ਹੋ ਗਿਆ। ਸਿੰਘਾਂ ਦਾ ਲੰਗਰ ਮਸਤਾਨਾ ਹੋ ਗਿਆ। ਕਿਲ੍ਹੇ ਅੰਦਰਲੇ ਰੁੱਖਾਂ ਦੇ ਪੱਤੇ ਧਰੂਹ ਕੇ ਖਾਣ ਦੀ ਨੌਬਤ ਆ ਗਈ। ਭੁੱਖ ਤੇ ਦੁੱਖ ਦੇ ਸਤਾਏ ਮਾਝੇ ਦੇ ਕੁਝ ਸਿੰਘ ਇੱਕ ਦਿਨ ਗੁਰੂ ਜੀ ਨੂੰ ਬੇਦਾਵਾ ਲਿਖ ਕੇ, ਕਿਲ੍ਹੇ ਵਿੱਚੋਂ ਰਾਤ ਬਰੇਤੇ ਅਛੋਪਲੇ ਨਿਕਲ ਤੁਰੇ। ਬਾਅਦ ਵਿਚ ਦੁਸ਼ਮਨਾਂ ਦੀਆਂ ਝੂਠੀਆਂ ਕਸਮਾਂ ਦਾ ਹਵਾਲਾ ਦੇ ਕੇ, ਕਿ ਉਹ ਸਾਨੂੰ ਸੁਰੱਖਿਅਤ ਨਿਕਲ ਜਾਣ ਦੇਣਗੇ, ਸਿੰਘਾਂ ਦੇ ਵਾਰ-ਵਾਰ ਕਹਿਣ ਤੇ ਗੁਰੂ ਜੀ ਕਿਲ੍ਹੇ

ਦਾ ਬੂਹਾ ਖੋਲ ਬਾਹਰ ਕੂਚ ਕਰ ਦਿੱਤਾ। ਵਿਰੋਧੀ ਧੋਖੇ ਬਾਜ਼ ਸਨ। ਨਿਕਲਦਿਆਂ ਹੀ ਸਿੰਘਾਂ ਤੇ ਹਮਲਾ ਕਰ ਦਿੱਤਾ, ਗਹਿਗੱਚ ਲੜਾਈ ਹੋਈ। ਗੁਰੂ ਪਰਿਵਾਰ ਦਾ ਵਿਛੋੜਾ ਪੈ ਗਿਆ। ਗੁਰੂ ਕੇ ਵੱਡੇ ਦੋ ਸਾਹਿਬਜ਼ਾਦੇ ਹੋਰ ਸਿੰਘਾਂ ਸਮੇਤ ਚਮਕੌਰ ਦੀ ਜੰਗ ਵਿੱਚ ਅਤੇ ਦੋਵੇਂ ਛੋਟੇ ਦੁਸ਼ਮਨਾਂ ਦੇ ਹੱਥ ਆਕੇ ਸਰਹੰਦ ਵਿਖੇ ਸ਼ਹੀਦ ਹੋ ਗਏ। ਗੁਰੂ ਜੀ ਮੁਗ਼ਲ ਫੌਜ਼ ਨੂੰ ਝਕਾਨੀ ਦੇ ਕੇ, ਮਾਲਵੇ ਵਿੱਚ ਪ੍ਰਵੇਸ਼ ਕਰ ਗਏ। ਉਹਨਾਂ ਨੂੰ ਗਰਿਫ਼ਤਾਰ ਕਰਨ ਲਈ ਸੂਬਾ ਸਰਹੰਦ ਵਜ਼ੀਰ ਖਾਨ ਵੱਡੀ ਫੌਜ ਲੈਕੇ ਸਿਰ ਤੇ ਚੜ੍ਹਿਆ ਆ ਰਿਹਾ ਸੀ। ਖਿਦਰਾਣੇ ਦੀ ਢਾਬ ਤੇ ਗੁਰੂ ਜੀ ਦੇ ਸਿੰਘਾਂ ਅਤੇ ਸ਼ਾਹੀ ਸੈਨਾ ਦਾ ਟਾਕਰਾ ਹੋ ਗਿਆ। ਇਸ ਸਮੇਂ ਬੇਦਾਵਾ ਦੇ ਕੇ ਜਾਣ ਵਾਲੇ ਸਿੰਘਾਂ ਨੇ, ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਅਗੁਆਈ ਵਿੱਚ ਮੁੜ ਇਕੱਤਰਤਾ ਕੀਤੀ ਅਤੇ ਗੁਰੂ ਜੀ ਨੂੰ ਬਿਪਤਾ ਵਿਚ ਛੱਡ ਜਾਣ ਵਾਲੀ ਭੁੱਲ ਦਾ ਪਸ਼ਚਾਤਾਪ ਕਰਨ ਲਈ ਫਿਰ ਸਿਰਾਂ ਤੇ ਖੱਫਣ ਬੰਨ੍ਹ ਲਏ। ਉਹ ਸਿੰਘ ਵੀ ਗੁਰੂ ਜੀ ਨੂੰ ਲੱਭਦੇ ਲਭਾਉਂਦੇ ਖਿਦਰਾਣੇ ਦੀ ਢਾਬ ਕੋਲ ਪਹੁੰਚ ਗਏ ਅਤੇ ਗੁਰੂ ਜੀ ਵੱਲ ਵਧ ਰਹੀ ਮੁਗਲ ਸੈਨਾ ਨੂੰ ਪਿੱਛੇ ਹੀ ਧੱਕ ਕੇ ਘਨਘੋਰ ਸੰਗਰਾਮ ਸਿਰਜ ਦਿੱਤਾ। ਇਹ ਸਾਰੇ ਸਿੰਘ ਬੇਸ਼ੱਕ ਹਤਾਹਤ ਹੋ ਕੇ, ਉਸ ਧਰਤੀ ਤੇ ਲੇਟ ਗਏ ਪਰ ਵੈਰੀ ਦਲ ਨੂੰ ਵੀ ਉੱਥੋਂ ਖਦੇੜ ਦਿੱਤਾ ਗਿਆ। ਜਦੋਂ ਮੁਗਲ ਫੌਜ ਪਿੜ ਖਾਲੀ ਕਰ ਗਈ ਤਾਂ ਗੁਰੂ ਜੀ ਨੇ ਆਪਣੇ ਪਿਆਰੇ ਸਿੱਖਾਂ ਦੀਆਂ ਦੇਹਾਂ ਤੇ ਮੁਬਾਰਕ ਹੱਥ ਛੁਹਾ ਕੇ, ਦਿਲੀ ਸਨੇਹ ਪ੍ਰਗਟ ਕੀਤਾ। ਉਹਨਾਂ ਦਾ ਆਗੂ ਭਾਈ ਮਹਾਂ ਸਿੰਘ ਅਜੇ ਸਹਿਕ ਰਿਹਾ ਸੀ। ਦਾਤਾਰ ਨੇ ਸਿੱਖ ਦਾ ਸਿਰ ਗੋਦ ਵਿਚ ਲੈ ਕੇ, ਕੋਈ ਵੀ ਅੰਤਿਮ ਖਾਹਿਸ਼ ਪੁੱਛੀ। ਭਾਈ ਮਹਾਂ ਸਿੰਘ ਨੇ ਕਿਹਾ ਕਿ ਜੇ ਤੁੱਠੇ ਹੋ ਤਾਂ ਜਿਹੜਾ ਬੇਦਾਵਾ ਅਸੀਂ ਲਿਖ ਕੇ ਦੇ ਆਏ ਸਾਂ, ਉਹ ਪਾੜ ਦਿਉ! ਟੁੱਟੀ ਗੰਢ ਲਉ!! ਗੁਰੂ ਸਾਹਿਬ ਨੇ ਕਮਰਕੱਸੇ ਵਿੱਚ ਹੱਥ ਪਾਕੇ, ਬੇਦਾਵਾ ਕੱਢਿਆ ਅਤੇ ਟੁਕੜੇ-ਟੁਕੜੇ ਕਰ ਦਿੱਤਾ। ਮਹਾਂ ਸਿੰਘ ਸਮੇਤ ਉਸਦੇ ਚਾਲੀ ਸਾਥੀਆਂ ਨੂੰ ਮੁਕਤਿਆਂ ਦਾ ਖਿਤਾਬ ਮਿਲ ਗਿਆ ਅਤੇ ਖਿਦਰਾਣੇ ਦੀ ਢਾਬ ਦਾ ਕਿਨਾਰਾ, ਮੁਕਤਸਰ ਹੋ ਗਿਆ। ਪੁੱਛਿਆ ਜਾ ਸਕਦਾ ਹੈ ਕਿ ਅਨੰਦਪੁਰ ਵਿਚ ਗੁਰੂ ਜੀ ਬਹੁਤ ਕੀਮਤੀ ਵਸਤਾਂ, ਦੁਰਲੱਭ ਗਰੰਥ ਛੱਡ ਆਏ ਸਨ, ਉਹ ਬੇਦਾਵੇ ਵਾਲਾ ਟੁਕੜਾ ਕਿਵੇਂ ਅੜਿਆ ਰਹਿ ਗਿਆ? ਗੁਰੂ ਜੀ ਜਾਣਦੇ ਸਨ ਕਿ ਉਹਨਾਂ ਦੀ ਚੋਣ ਗ਼ਲਤ ਨਹੀਂ ਹੋ ਸਕਦੀ। ਉਹਨਾਂ ਦੇ ਜਾਣ ਵਾਲੇ ਸਿੰਘਾਂ ਨੇ ਫੇਰ ਵਾਪਸ, ਗੁਰੂ ਕੀ ਸ਼ਰਨ ਵਿੱਚ ਆਉਣਾ ਸੀ ਅਤੇ ਬਖਸ਼ਿੰਦ ਗੁਰੂ ਨੇ ਉਹਨਾਂ ਨੂੰ ਫਿਰ ਗਲੇ ਲਾ ਕੇ, ਇਹ ਕਾਗਜ਼ ਪਾੜ ਦੇਣਾ ਸੀ। ਇਹ ਯੁੱਧ ਬੇਸ਼ੱਕ ਵੈਸਾਖ ਦੇ ਮਹੀਨੇ ਹੋਇਆ, ਪਰ ਸਿੱਖੀ ਸਿਦਕ ਨਿਭਾਉਣ ਵਾਲੇ ਇਹਨਾਂ ਸੂਰਮਿਆਂ ਦੀ ਯਾਦ ਨੂੰ ਖਾਲਸਾ ਪੰਥ ਨੇ ਪਹਿਲੀ ਮਾਘ ਦਾ ਦਿਨ ਹੀ ਸਮਰਪਿਤ ਕੀਤਾ ਹੋਇਆ ਹੈ। ਇਹਨਾਂ ਸਿੰਘਾਂ ਨੇ ਗੁਰਬਾਣੀ ਦੀ ਉਹ ਤੁਕ ਸਾਰਥਕ ਕਰ ਦਿੱਤੀ -

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥

-(ਬਿਹਾਗੜਾ ਮ. 4, ਅੰਗ 555)

ਪੰਜਾਬ ਉੱਤੇ ਲਾਹੌਰ ਦਰਬਾਰ ਦੇ ਪੰਜਾਹ ਸਾਲ ਦੇ ਰਾਜ ਬਾਅਦ ਗ਼ੈਰ ਗੋਰਿਆਂ ਨੇ ਛੱਟਾਂ ਪਾ ਲਈਆਂ ਸਨ। ਕਵੀ ਹਰਸਾ ਸਿੰਘ ਚਾਤਰ ਦੇ ਸ਼ਬਦਾਂ ਵਿੱਚ—

"ਉਹਨਾਂ ਪੀੜੀ ਅਣਖ ਪੰਜਾਬ ਦੀ ਜਿਉਂ ਵੇਲਣ ਗੰਨੇ"

-ਕੂਕਿਆਂ ਦੀ ਵਾਰ

ਇਸ ਦਰਦਨਾਕ ਸਥਿਤੀ ਦਾ ਟਾਕਰਾ ਕਰਨ ਲਈ, ਸਤਿਗੁਰੂ ਰਾਮ ਸਿੰਘ ਜੀ ਨੇ ਦਸਮੇਸ਼ ਜੀ ਦੇ ਖ਼ਾਲਸਾ ਸਾਜਣ ਤੋਂ 158 ਵਰ੍ਹੇ ਬਾਅਦ, ਸ੍ਰੀ ਭੈਣੀ ਸਾਹਿਬ ਵਿੱਚ ਨਾਮਧਾਰੀ ਸੰਤ ਖ਼ਾਲਸਾ ਦੀ ਸਾਜਨਾ ਕੀਤੀ। ਜਿਸਦਾ ਮਕਸਦ ਦੋਹਰਾ ਸੀ- ਗੁਰੂ ਸਾਹਿਬਾਨ ਦੀ ਅਲੋਪ ਹੋ ਰਹੀ ਸਿੱਖੀ ਨੂੰ ਮੁੜ ਸੁਰਜੀਤ ਕਰਨਾ ਅਤੇ ਬਿਉਪਾਰਕ ਸਰਮਾਏਦਾਰੀ ਦੀ ਨੁਮਾਇੰਦੀ ਅੰਗਰੇਜ਼ ਸਰਕਾਰ ਵਿਰੁੱਧ ਜੂਝਣ ਲਈ, ਅਸਹਿਯੋਗ ਅਤੇ ਬਾਈਕਾਟ ਜਿਹੇ ਨਵੇਂ ਸਿਰਜੇ ਹਥਿਆਰਾਂ ਨਾਲ ਕੂਕਾ ਲਹਿਰ ਨੂੰ ਲੈਸ ਕਰਕੇ ਜੰਗਿ-ਆਜ਼ਾਦੀ ਦਾ ਬਿਗਲ ਵਜਾਉਣਾ। ਸਿੱਖਾਂ-ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਫਿਰਕੂ ਤਣਾਅ ਪੈਦਾ ਕਰਨ ਲਈ ਅੰਗਰੇਜ਼ ਹਾਕਮਾਂ ਨੇ ਪੰਜਾਬ ਵਿੱਚ ਆਪਣਾ ਰਾਜ ਕਾਇਮ ਕਰਦਿਆਂ ਹੀ 1849 ਵਿੱਚ ਅਨੇਕ ਸਥਾਨਾਂ ਤੇ ਬੁੱਚੜਖਾਨੇ ਖੋਹਲ ਦਿੱਤੇ। ਪਿਛਲੀ ਪੌਣੀ ਸਦੀ ਤੋਂ ਸਾਂਝੇ ਪੰਜਾਬੀ ਰਾਜ ਕਾਰਨ, ਪੰਜਾਬੀ ਮੁਸਲਮਾਨ ਵੀ ਗਊ ਬੱਧ ਕਰਨ ਤੋਂ ਟਾਲਾ ਵੱਟ ਗਏ ਸਨ। ਅੰਗਰੇਜ਼ ਗਊ ਭਖਸ਼ਕ ਸਨ। ਉਹਨਾਂ ਨੇ ਮੁਸਲਮਾਨਾਂ ਦੇ ਬਹਾਨੇ, ਗਊ ਬੱਧ ਪੰਜਾਬ ਵਿੱਚ ਸ਼ੁਰੂ ਕਰਵਾ ਦਿੱਤਾ। ਜਦੋਂ ਕਿ ਮੁਸਲਮਾਨਾਂ ਵੱਲੋਂ ਕਦੇ ਵੀ ਇਸ ਸੰਬੰਧੀ ਸਰਕਾਰ ਪਾਸ ਕੋਈ ਚਾਰਾ ਜੋਈ ਨਹੀਂ ਕੀਤੀ ਗਈ ਸੀ। ਉਸ ਸਮੇਂ ਗਊ ਪੰਜਾਬ ਦੀ ਖੇਤੀ ਬਾੜੀ ਤੇ ਨਿਰਭਰ ਆਰਥਿਕਤਾ ਦਾ ਧੁਰਾ ਸੀ। ਇਸ ਕਾਰਨ ਖੇਤੀ ਬਾੜੀ ਲਈ ਮਿਲਣ ਵਾਲੇ ਬੈਲਾਂ ਦੀ ਸੰਖਿਆ ਵਿੱਚ, ਕਮੀ ਆਉਣ ਨਾਲ ਖੇਤੀ ਪ੍ਰਭਾਵਿਤ ਹੋਈ। ਇਹ ਕੌਮੀ ਅਣਖ ਦਾ ਵੀ ਸੁਆਲ ਸੀ ਕਿਉਂ ਜੁ ਸਿੱਖ ਪਾਵਨ ਤੀਰਥਾਂ, ਅੰਮ੍ਰਿਤਸਰ ਅਤੇ ਰਾਇਕੋਟ (ਲੁਧਿਆਣਾ) ਆਦਿ ਸ਼ਹਿਰਾਂ ਵਿੱਚ ਬੁੱਚੜਖਾਨੇ ਖੁੱਲ੍ਹਣ ਨਾਲ, ਇੱਲਾਂ, ਕਾਂ ਇਹਨਾਂ ਥਾਵਾਂ ਦੇ ਸਰੋਵਰਾਂ ਅਤੇ ਵਿਹੜੇ ਵਿੱਚ ਗਊ ਮਾਸ ਦੀਆਂ ਬੋਟੀਆਂ, ਹੱਡੀਆਂ ਲਿਜਾ ਸੁੱਟਦੇ। ਕੂਕੇ ਸਿੰਘਾਂ ਨੇ ਅੰਗਰੇਜ਼ ਸਰਕਾਰ ਦੀ ਇਸ ਵੰਗਾਰ ਨੂੰ ਕਬੂਲਦਿਆਂ, ਪਹਿਲਾਂ ਅੰਮ੍ਰਿਤਸਰ ਅਤੇ ਫਿਰ ਇੱਕ ਮਹੀਨੇ ਦੇ ਬਾਅਦ ਰਾਇਕੋਟ ਦੇ ਗੁਰਦੁਆਰਾ ਟਾਹਲੀਆਣਾ ਸਾਹਿਬ ਪਾਸ ਖੁੱਲ੍ਹੇ ਬੁੱਚੜ ਖਾਨਿਆਂ ਤੇ ਹਮਲਾ ਕਰਕੇ ਗਊ ਘਾਤੀਆਂ ਦਾ ਸਫਾਇਆ ਕੀਤਾ। ਫਲਸਰੂਪ ਨਾਮਧਾਰੀ ਸਿੰਘਾਂ ਤੇ ਮੁਕਦਮੇ ਚੱਲੇ ਅਤੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਕੇ ਸ਼ਹੀਦ ਕਰ ਦਿੱਤਾ।

ਕੁਝ ਕਾਲੇ ਪਾਣੀ ਭੇਜ ਦਿੱਤੇ। ਹੱਦ ਤੇ ਉਦੋਂ ਹੋ ਗਈ ਜਦੋਂ ਮਾਲਵੇ ਦੇ ਅਦਾਲਤੀ ਸੂਬੇ ਗਿਆਨੀ ਰਤਨ ਸਿੰਘ ਉਰਫ ਗਿਆਨਾ ਸਿੰਘ ਨੂੰ ਅਤੇ ਨਾਇਬ ਸੂਬੇ ਰਤਨ ਸਿੰਘ ਨਾਈਵਾਲਾ ਨੂੰ ਵੀ ਬੇਦੋਸ਼ ਹੁੰਦਿਆਂ ਹੋਇਆਂ ਵੀ ਰਾਇਕੋਟ ਕੇਸ ਦੀ ਜੱਦ ਵਿਚ ਲਿਆਕੇ 26 ਨਵੰਬਰ 1871 ਈ: ਨੂੰ ਲੁਧਿਆਣਾ ਜੇਲ੍ਹ ਸਾਹਵੇਂ ਬੋਹੜ ਦੇ ਰੁੱਖ ਨਾਲ, ਸ਼ਰ੍ਹੇਆਮ ਫਾਂਸੀਆਂ ਤੇ ਟੰਗ ਕੇ ਸ਼ਹੀਦ ਕਰ ਦਿੱਤਾ। ਅਦਾਲਤੀ ਸੂਬੇ ਅਤੇ ਉਸਦੇ ਸਾਥੀ ਦਾ ਇਹ ਅਦਾਲਤੀ ਕਤਲ ਹੀ ਸੀ। ਸੂਬਾ ਗਿਆਨੀ ਸਿੰਘ ਮਾਲਵੇ ਦੇ ਰਿਆਸਤੀ ਇਲਾਕਿਆਂ ਵਿੱਚ ਕੂਕਾ ਪਰਚਾਰ ਕਰਨ ਸਦਕਾ, ਬਹੁਤ ਹਰਮਨ ਪਿਆਰੇ ਸਨ। ਉਹ ਕੂਕਿਆਂ ਦੇ ਆਪਸੀ ਅਤੇ ਹੋਰ ਲੋਕਾਂ ਨਾਲ ਝਗੜਿਆਂ ਦਾ ਨਿਪਟਾਰਾ ਵੀ ਕਰਿਆ ਕਰਦੇ ਸਨ। ਪਟਿਆਲਾ ਸਰਕਾਰ ਨੇ ਉਹਨਾਂ ਦੀ ਵਧਦੀ ਲੋਕ ਪ੍ਰਿਅਤਾ ਤੋਂ ਬੁਖ਼ਲਾ ਕੇ, ਉਹਨਾਂ ਨੂੰ ਡੇਢ ਸਾਲ ਕੈਦ ਵੀ ਕਟਾਈ ਸੀ।

ਸੂਬਾ ਕਾਹਨ ਸਿੰਘ ਚੱਕ ਵਾਲਾ ਦੇ ਪਰਚਾਰ ਸਦਕਾ, ਪਟਿਆਲਾ ਸਰਕਾਰ ਦੇ ਅਹਿਲਕਾਰਾਂ ਵਿੱਚੋਂ ਸਕਰੌਦੀ (ਸੰਗਰੂਰ) ਪਿੰਡ ਦੇ ਦੋ ਗਰੇਵਾਲ ਸਰਦਾਰਾਂ, ਹੀਰਾ ਸਿੰਘ ਅਤੇ ਲਹਿਣਾ ਸਿੰਘ ਦੀ ਅਗਵਾਈ ਹੇਠ, ਕੋਈ ਸੌ ਕਰਮਚਾਰੀ, ਕੂਕੇ ਸਿੰਘ ਸੱਜ ਕੇ ਨੌਕਰੀ ਛੱਡ ਕੇ ਆ ਗਏ। ਭਾਈ ਹੀਰਾ ਸਿੰਘ ਲਹਿਣਾ ਸਿੰਘ ਹੁਰਾਂ ਜਦੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਤਾਂ ਉਹ ਫਿਰ ਉਹਨਾਂ ਦੇ ਹੀ ਹੋਕੇ ਉੱਥੇ ਹੀ ਰਹਿਣ ਲੱਗ ਪਏ। ਜਦੋਂ ਸਤਿਗੁਰੂ ਜੀ ਪਰਚਾਰ ਦੌਰਿਆਂ ਤੇ ਚੜ੍ਹਦੇ ਤਾਂ ਹੀਰਾ ਸਿੰਘ ਦੀ ਅਗਵਾਈ ਵਿੱਚ, ਮਸਤਾਨਾ ਦਲ ਵੀ ਆਪ ਜੀ ਦੀ ਅੜਦਲ ਵਿੱਚ ਹੁੰਦਾ। ਇਸੇ ਸਮੇਂ ਫਰੰਗੀ ਸਰਕਾਰ ਦਾ ਕੱਟੜ ਦੁਸ਼ਮਣ, ਸੂਬਾ ਬਿਸ਼ਨ ਸਿੰਘ ਅਰੋੜਾ ਕਾਬਲ ਵਾਲਾ, ਜਿਸਨੂੰ ਸਤਿਗੁਰੂ ਜੀ ਨੇ ਰੂਸ ਨਾਲ ਕੂਟਨੀਤਿਕ ਸਬੰਧ ਸਿਰਜਣ ਤੇ ਲਾਇਆ ਸੀ ਵੀ ਮਸਤਾਨਾ ਦਲ ਨੂੰ ਮਿਲਿਆ ਤੇ ਉਹਨਾਂ ਨੂੰ ਅੰਗਰੇਜ਼ ਸਰਕਾਰ ਜਾਂ ਉਸਦੀਆਂ ਹੱਥ ਠੋਕੀਆਂ ਦੇਸੀ ਰਿਆਸਤਾਂ ਵਿਰੁੱਧ ਕਾਰਵਾਈ ਕਰਨ ਲਈ ਪਰੇਰਿਆ ਸੀ। ਮਸਤਾਨੇ ਸਿੰਘ ਸਰਕਾਰ ਵੱਲੋਂ ਗੁਰੂ ਰਾਮ ਸਿੰਘ ਜੀ ਦੇ ਪਰਚਾਰ ਦੌਰਿਆਂ ਤੇ ਲਾਈਆਂ ਪਾਬੰਦੀਆਂ ਤੋਂ ਵੀ ਪੀੜਿਤ ਸਨ। ਗਿਆਨੀ ਸਿੰਘ ਹੋਰਾਂ ਦੀਆਂ ਸ਼ਹੀਦੀਆਂ ਨੇ ਰੋਹ ਹੋਰ ਪਰਚੰਡ ਕੀਤਾ। ਇਸੇ ਦੌਰਾਨ ਮਲੇਰਕੋਟਲਾ ਰਿਆਸਤ ਦੇ ਹਾਕਮਾਂ ਨੇ ਲੰਬੜਦਾਰ ਗੁਰਮੁਖ ਸਿੰਘ ਫਰਵਾਰੀ ਵਾਲੇ ਦੀ ਨਿਰਾਦਰੀ ਕਰਦਿਆਂ, ਉਸ ਦੇ ਸਾਂਹਵੇਂ ਇੱਕ ਬੁੱਢਾ ਤੇ ਕਮਜ਼ੋਰ ਬੈਲ ਜ਼ਿਬਾਹ ਕਰ ਦਿੱਤਾ ਜਿਸ ਤੇ ਜ਼ਿਆਦਾ ਭਾਰ ਲੱਦਣ ਕਾਰਨ ਲੰਬੜਦਾਰ ਜੀ ਨੇ ਹਾਅ ਦਾ ਨਾਹਰਾ ਮਾਰਿਆ ਸੀ। ਸਾਰੀਆਂ ਗੱਲਾਂ ਦਾ ਜੋੜ ਜੁੜ ਗਿਆ। ਜਥੇਦਾਰ ਹੀਰਾ ਸਿੰਘ ਹੋਰਾਂ ਨਾਲ 140 ਸਿੰਘ ਭੈਣੀ ਸਾਹਿਬ ਤੋਂ ਮਰਨ ਮੰਡ ਕੇ 13 ਜਨਵਰੀ 1872 ਮਾਘੀ ਦੇ ਦਿਨ ਚੱਲ ਪਏ। ਉਹ ਰਾਤ ਰੱਬੋਂ ਪਿੰਡ ਦੇ ਖੂਹ ਤੇ ਕੱਟੀ। ਅਗਲਾ ਦਿਨ ਇੱਥੇ ਕੱਟ ਕੇ 14 ਦੀ ਸ਼ਾਮ ਮਲੌਦ ਸ੍ਰ. ਮਿੱਤ ਸਿੰਘ ਦੇ ਕਿਲ੍ਹੇ ਤੇ ਹਥਿਆਰਾਂ ਲਈ ਹਮਲਾ ਕੀਤਾ। ਦੋ ਸਿੰਘ ਸ਼ਹੀਦ ਹੋਏ, ਦੋ ਵਿਰੋਧੀ ਮਾਰੇ ਗਏ। ਚਾਰ ਸਿੰਘ ਭੀੜ ਦੇ ਕਾਬੂ ਆ ਗਏ। 15 ਜਨਵਰੀ ਦੀ ਸਵੇਰ ਮਲੇਰਕੋਟਲੇ ਤੇ ਹਮਲਾ ਕਰਕੇ ਗਊ ਘਾਤੀਆਂ ਦਾ ਸਫਾਇਆ ਕੀਤਾ। ਇਸ ਜੰਗ ਵਿੱਚ ਸੱਤ ਸਿੰਘ ਪਹਿਲਾਂ ਤੇ ਇੱਕ ਬਾਅਦ ਵਿਚ ਸ਼ਹੀਦ ਹੋਏ। 15 ਜਨਵਰੀ ਦੀ ਰਾਤ ਮਸਤਾਨਾ ਦਲ ਨੇ ਰੜ ਪਿੰਡ ਦੇ ਇੱਕ ਖੂਹ ਤੇ ਕੱਟੀ। ਹੀਰਾ ਸਿੰਘ ਹੋਰਾਂ ਨੇ ਕਿਹਾ ਅਸੀਂ ਤਾਂ ਹੁਣ ਸ਼ਹੀਦੀਆਂ ਪਾਉਣੀਆਂ ਹਨ, ਜਾਣ ਵਾਲੇ ਜਾ ਸਕਦੇ ਹਨ। ਇਸ ਤੇ ਕਈ ਸਿੰਘ ਹਰਨ ਹੋ ਗਏ ਜਿਹਨਾਂ ਨੇ ਬਾਕੀ ਉਮਰ ਨਾਮ ਭੇਖ ਬਦਲ ਕੇ, ਗੁਪਤ ਵਾਸ ਵਿਚ ਹੀ ਕੱਟੀ। ਹੀਰਾ ਸਿੰਘ ਹੋਰਾਂ ਸਮੇਤ ਦੋ ਮਾਈਆਂ ਇੰਦ ਕੌਰ ਤੇ ਖੇਮ ਕੌਰ ਅਤੇ 66 ਸਿੰਘ, ਸ਼ੇਰ ਪੁਰ ਦੇ ਕਿਲੇ ਵਿਚ 16 ਜਨਵਰੀ ਨੂੰ ਹੱਥਕੜੀਆਂ ਬੇੜੀਆਂ ਲਾਕੇ ਪੁਚਾ ਦਿੱਤੇ।

ਇਹ ਸਿੰਘ ਸਾਰੀ ਰਾਤ ਕਿਲ੍ਹੇ ਵਿੱਚ ਜ਼ਾਲਮ ਫਰੰਗੀ ਸਰਕਾਰ ਵਿਰੁੱਧ, ਸ਼ਬਦ ਪੜ੍ਹਦੇ ਜੈਕਾਰੇ ਛੱਡਦੇ ਰਹੇ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ, ਜੋ ਇਸ ਰਿਆਸਤ ਦਾ ਕੰਮ ਕਾਰ ਵੇਖਦਾ ਸੀ ਦੇ ਹੁਕਮ ਨਾਲ ਇਹਨਾਂ ਸਿੰਘਾਂ ਨੂੰ 17 ਜਨਵਰੀ ਨੂੰ ਮਲੇਰਕੋਟਲਾ ਦੇ ਰੱਕੜ ਵਿਚ ਲਿਆਂਦਾ ਗਿਆ। ਜਿੱਥੇ ਸਿੱਖ ਰਿਆਸਤਾਂ ਅਤੇ ਮਲੇਰਕੋਟਲਾ ਦੀਆਂ ਸੱਤ ਤੋਪਾਂ ਬੀੜੀਆਂ ਸਨ। ਦੋ ਤੋਪਾਂ ਆਲੇ ਦੁਆਲੇ ਨਿਗਰਾਨੀ ਲਈ ਬੀੜੀਆਂ ਸਨ। ਰਿਆਸਤੀ ਫੌਜ ਦੇ 750 ਸਿਪਾਹੀ ਪਹਿਰੇ ਤੇ ਤਾਇਨਾਤ ਸਨ। ਕਾਵਨ ਨੇ ਕਿਹਾ ਕਿ ਕੂਕਿਆਂ ਨੇ ਇਹ ਹਮਲਾ ਕਰਕੇ ਸਾਡੇ ਰਾਜ ਦੀ ਸਿੱਧੀ ਨਾਬਰੀ ਕੀਤੀ ਹੈ। ਇਹ ਰਾਜ ਦੇ ਬਾਗੀ ਹਨ। ਬਿਨਾਂ ਮੁਕੱਦਮਾ ਚਲਾਏ 17 ਜਨਵਰੀ ਨੂੰ 49 ਸਿੰਘ ਸਮੇਤ ਜਥੇਦਾਰ ਹੀਰਾ ਸਿੰਘ, ਲਹਿਣਾ ਸਿੰਘ ਤੋਪਾਂ ਨਾਲ ਉਡਾਏ ਗਏ। ਸਤਿਗੁਰੂ ਰਾਮ ਸਿੰਘ ਦਾ ਸਾਥ ਛੱਡ ਕੇ ਜਾਨ ਬਚਾਉਣ ਵਾਲੇ ਕਾਵਨ ਦੇ ਸੁਝਾਅ ਤੇ ਭੜਕੇ ਬਾਲਕ ਬਿਸ਼ਨ ਸਿੰਘ ਨੂੰ ਕਾਵਨ ਦੀ ਸੰਘੀ ਘੁੱਟਣ ਦੇ ਦੋਸ਼ ਹੇਠ, ਤਲਵਾਰ ਨਾਲ ਟੁੱਕੜੇ-ਟੁੱਕੜੇ ਕਰ ਦਿੱਤਾ। ਅਗਲੇ ਦਿਨ ਕਮਿਸ਼ਨਰ ਫੋਰਸਿੱਥ ਨੇ ਇੱਕ ਫੌਰੀ ਮੁਕੱਦਮੇ ਦਾ ਢੌਂਗ ਰਚਾਕੇ, 16 ਹੋਰ ਸਿੰਘ ਤੋਪ ਨਾਲ ਉਡਾ ਦਿੱਤੇ। ਮਲੌਦ ਤੋਂ ਪਕੜੇ ਚਾਰੇ ਜ਼ਖਮੀ ਸਿੰਘ ਕਾਲੇ ਪਾਣੀ ਭੇਜੇ ਗਏ ਜੋ ਉੱਥੇ ਹੀ ਸ਼ਹੀਦ ਹੋ ਗਏ। ਇਉਂ ਸਾਕਾ ਮਲੇਰਕੋਟਲਾ ਅੱਸੀ ਕੂਕੇ ਸ਼ਹੀਦਾਂ ਦੇ ਨਾਮ ਹੇਠ ਦਰਜ ਹੋ ਗਿਆ ਹੈ ਜਿਹਨਾਂ ਦੀ ਯਾਦ ਵਿਚ ਇਕ ਸ਼ਹੀਦੀ ਮੇਲਾ, ਹਰ ਸਾਲ ਜਿਉਂ ਹਾਜਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ, 17-18 ਜਨਵਰੀ ਨੂੰ ਕੋਟਲੇ ਦੇ ਸ਼ਹੀਦੀ ਰੱਕੜ ਵਿਖੇ ਮਨਾਇਆ ਜਾ ਰਿਹਾ ਹੈ।


17-18 ਜਨਵਰੀ ਦੇ ਦੋ ਦਿਨ ਨਾਮਧਾਰੀ ਇਤਿਹਾਸ ਦੇ ਖੂਨੀ ਪੱਤਰਿਆਂ ਦੇ ਤੌਰ ਤੇ ਜਾਣੇ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਉਹਨਾਂ ਦੀ ਵਿਸ਼ਾਲ ਜਨਤਕ ਲਾਮਬੰਦੀ ਤੋਂ ਭੈਅ ਭੀਤ ਹੋ ਕੇ, ਆਪਣੇ ਰਾਜ ਲਈ ਸਮੁੱਚੇ ਬਰਤਾਨਵੀ

ਭਾਰਤ ਵਿੱਚ ਸਭ ਤੋਂ ਖਤਰਨਾਕ ਵਿਅਕਤੀ ਸਮਝਦੀ ਸੀ। ਇਸੇ ਲਈ ਮਲੇਰਕੋਟਲਾ ਘਟਨਾ ਤੋਂ ਬਾਅਦ ਪੰਜਾਬ ਦੇ ਲਾਟ ਨੇ ਵਾਇਸਰਾਏ ਹਿੰਦ ਨੂੰ ਲਿਖਿਆ ਕਿ ਜਦੋਂ ਤੱਕ (ਕੂਕਾ ਲਹਿਰ ਦੇ) ਆਗੂ ਖੁਲ੍ਹੇ ਫਿਰਦੇ ਹਨ, ਇਹ ਮੁਲਕ ਸਾਡੇ ਲਈ ਸੁਰੱਖਿਅਤ ਨਹੀਂ ਰਹੇਗਾ। ਉਪਰੋਂ ਹੁਕਮ ਆਉਣ ਤੇ ਡੀ. ਆਈ. ਜੀ. ਕਰਨਲ ਬੇਲੀ ਨੇ ਭਾਰੀ ਪੁਲਿਸ ਫੋਰਸ ਸਤਿਗੁਰੂ ਜੀ ਨੂੰ ਲੁਧਿਆਣੇ ਲਿਆਉਣ ਲਈ 17 ਜਨਵਰੀ ਦੀ ਸ਼ਾਮ ਨੂੰ ਭੈਣੀ ਸਾਹਿਬ ਭੇਜ ਦਿੱਤੀ। ਸਤਿਗੁਰੂ ਜੀ ਨੇ ਸਰਕਾਰੀ ਬੰਦੋਬਸਤ ਦੀ ਖਿੱਲ੍ਹੀ ਉਡਾਉਂਦਿਆਂ ਕਿਹਾ- "ਇਤਨੇ ਤਾਮ ਝਾਮ ਦੀ ਕੀ ਲੋੜ ਸੀ ਸਾਨੂੰ ਤਾਂ ਇਕ ਸਾਧਾਰਨ ਸਫਾਈ ਸੇਵਕ ਹੱਥ ਸੱਦ ਭੇਜਦੇ, ਅਸਾਂ ਤਾਂ ਵੀ ਆ ਜਾਣਾ ਸੀ।" ਕੁਝ ਸੂਬੇ, ਸੇਵਕ ਤੇ ਸਤਿਗੁਰੂ ਜੀ, ਵਰ੍ਹਦੀਆਂ ਕਣੀਆਂ ਵਿੱਚ ਗੱਡੇ ਤੇ ਸਵਾਰ ਹੋਏ। ਲੁਧਿਆਣੇ ਰੇਲਵੇ ਸਟੇਸ਼ਨ, ਉਥੋਂ 18 ਜਨਵਰੀ ਸੁਬ੍ਹਾ 4 ਵਜੇ ਸ਼ਪੈਸਲ ਟਰੇਨ ਤੇ ਅਲਾਹਬਾਦ ਕਿਲ੍ਹੇ ਵਿੱਚ 19 ਜਨਵਰੀ ਸ਼ਾਮ ਤੱਕ ਪੁੱਜ ਗਏ। ਸਤਿਗੁਰੂ ਜੀ ਨੇ ਭੈਣੀ ਸਾਹਿਬੋਂ ਤੁਰਨ ਲੱਗਿਆਂ, ਰੋਂਦੀਆਂ ਵਿਲਕਦੀਆਂ ਸੰਗਤਾਂ ਨੂੰ ਦਿਲਾਸਾ ਦਿੱਤਾ "ਘਬਰਾਉਣਾ ਨਹੀਂ, ਮੈਂ ਸਦਾ ਹੀ ਤੁਹਾਡੇ ਅੰਗ ਸੰਗ ਹਾਂ, ਜਦੋਂ ਵੀ ਯਾਦ ਕਰੋਗੇ ਆ ਜਾਵਾਂਗਾ।" ਛੋਟੇ ਭਾਈ ਬੁੱਧ ਸਿੰਘ ਨੂੰ ਸੰਗਤ ਦੀ ਸੰਭਾਲ ਕਰਨ ਲਈ ਕਿਹਾ ਅਤੇ ਕਿਹਾ ਕਿ ਸਾਡੇ ਗਏ ਬਿਨਾਂ ਧਰਮ ਨਹੀਂ ਸੀ ਤੁਰਦਾ। ਇਹ ਧਰਮ, ਲੋਕ ਦੋਖੀ ਜਾਬਰ ਸਰਕਾਰ ਦੀਆਂ ਜੜ੍ਹਾਂ ਪੁੱਟਣੀਆਂ। ਗਊ ਗਰੀਬ ਦੀ ਰੱਖਿਆ ਕਰਨਾ ਸੀ। ਕੂਕਾ ਸੰਗਰਾਮ ਤੋਂ ਅਗਵਾਈ ਲੈਕੇ ਗਦਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ, ਕਿਰਤੀ ਕਿਸਾਨ, ਕਾਂਗਰਸ, ਕਮਿਊਨਿਸਟ ਆਦਿ ਲਹਿਰਾਂ ਨੇ ਸਿਰਫ ਪੌਣੀ ਸਦੀ ਬਾਅਦ ਹੀ ਵਿਦੇਸ਼ੀ ਗੁਲਾਮੀ ਦਾ ਭੋਗ ਪਾਕੇ, ਸਤਿਗੁਰਾਂ ਦੇ ਬਚਨਾਂ ਤੇ ਫੁੱਲ ਚੜ੍ਹਾਏ।

ਛੱਬੀ ਜਨਵਰੀ ਨੂੰ ਆਜ਼ਾਦ ਹਿਦੁੰਸਤਾਨ ਦੀ ਇੱਕ ਸਵਤੰਤਰ ਗਣ ਰਾਜ ਵਜੋਂ ਸਥਾਪਨਾ ਹੋਈ ਸੀ, ਇਸ ਦਿਨ 1950 ਈ. ਨੂੰ ਹੀ ਸਾਡੇ ਦੇਸ ਦਾ ਸੰਵਿਧਾਨ ਲਾਗੂ ਹੋਇਆ ਸੀ। ਸਾਡੇ ਦੇਸ ਦਾ ਸੰਵਿਧਾਨ ਬਨਾਉਣ ਲਈ ਇਕ ਸੰਵਿਧਾਨ ਸਭਾ ਦਾ ਗਠਨ 6 ਦਸੰਬਰ 1946 ਨੂੰ ਕੀਤਾ ਗਿਆ ਸੀ। ਇਸ ਸਭਾ ਵਿੱਚ ਸਵਤੰਤਰਤਾ ਸੰਗਰਾਮ ਦਾ ਭਾਗ ਬਣੇ ਅਨੇਕ ਨੇਤਾ ਸ਼ਾਮਿਲ ਸਨ। ਸਾਡੇ ਸੰਵਿਧਾਨ ਦੀ ਰਚਨਾ ਆਜ਼ਾਦੀ ਦੀ ਸੌ ਸਾਲ ਤੱਕ ਚੱਲੀ ਲੜਾਈ ਵਿੱਚ ਕਾਇਮ ਹੋਈਆਂ ਕਦਰਾਂ ਕੀਮਤਾਂ ਦੇ ਅਨੁਰੂਪ ਕੀਤੀ ਗਈ ਹੈ। ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਦੀ ਪ੍ਰਮੁੱਖ ਰੂਪ ਰੇਖਾ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰਾ ਹੈ। ਪ੍ਰਭੂ ਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਜਮਹੂਰੀ ਗਣਰਾਜ ਸਾਡੇ ਸੰਵਿਧਾਨ ਅਨੁਸਾਰ ਇਸ ਦੇਸ ਨੇ ਬਣਨਾ ਸੀ। ਪ੍ਰੰਤੂ ਸਾਡੇ ਸਮਾਜ ਵਿੱਚ ਗੈਰ ਬਰਾਬਰੀ ਵਧੀ ਹੈ। ਇਕ ਫੀਸਦੀ ਅਮੀਰਾਂ ਪਾਸ ਦੇਸ਼ ਦੀ ਕੁਲ ਦੌਲਤ ਦਾ 73 ਫੀਸਦੀ ਭਾਗ ਹੈ। ਪਿਛਲੇ ਕੁਝ ਸਮੇਂ ਤੋਂ ਸੰਵਿਧਾਨ ਨੂੰ ਬਦਲਣ ਦੀਆਂ ਆਵਾਜ਼ਾਂ ਉੱਠ ਰਹੀਆਂ ਹਨ ਜੋ ਕਿ ਸ਼ੁੱਭ ਸੰਕੇਤ ਨਹੀਂ। ਆਧੁਨਿਕ ਗਿਆਨ, ਵਿਗਿਆਨ ਨੂੰ ਲੋਕ ਕਲਿਆਣ ਲਈ ਵਰਤਣ ਲਈ, ਸਿੱਖਿਆ ਅਤੇ ਜੀਵਨ ਵਿੱਚ ਵਿਗਿਆਨਿਕ ਨਜ਼ਰੀਆ ਲੋੜੀਂਦਾ ਹੈ ਜਿਸ ਨਜ਼ਰੀਏ ਦੀ ਕਾਟ, ਪੁਰਾਤਨ ਪੰਥੀਆਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਸੰਸਦੀ ਜਨਤੰਤਰ, ਜੋ ਸਾਡੇ ਬਹੁਰੰਗੇ, ਵਿਭਿੰਨ ਨਸਲਾਂ, ਕੌਮੀਅਤਾਂ, ਧਰਮਾਂ, ਭਾਸ਼ਾਵਾਂ ਅਤੇ ਜਾਤੀਆਂ ਵਾਲੇ ਦੇਸ਼ ਲਈ ਅਤਿਅੰਤ ਲੋੜੀਦਾਂ ਹੈ, ਉਸਨੂੰ ਢਾਹ ਲਾਈ ਜਾ ਰਹੀ ਹੈ। ਪੁਰਾਤਨ ਇਤਿਹਾਸ ਦੀਆਂ ਗਲਤੀਆਂ ਠੀਕ ਕਰਨ ਦੇ ਨਾਮ ਤੇ ਫਿਰਕੂ ਉਨਮਾਦ ਭੜਕਾਇਆ ਜਾ ਰਿਹਾ ਹੈ। ਨਰੋਈ ਸੋਚ ਰੱਖਣ ਵਾਲੇ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਤਰਕਸ਼ੀਲਾਂ ਅਤੇ ਅੱਗੇ ਵਧੂ ਤਾਕਤਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਭੀੜ ਦੁਆਰਾ ਹੱਤਿਆਵਾਂ ਦਾ, ਸਿਲਸਲਾ ਘੱਟ ਗਿਣਤੀਆਂ ਵਿੱਚ ਭੈ ਉਤਪੰਨ ਕਰ ਰਿਹਾ। ਸਾਡੇ ਦੇਸ਼ ਦੀ ਗੰਗਾ-ਜਮਨੀ ਸੰਸਕ੍ਰਿਤੀ ਨੂੰ ਬਚਾਈ ਰੱਖਣਾ ਵੇਲੇ ਦੀ ਲੋੜ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਸਾਡਾ ਦੇਸ਼ ਗੌਤਮ ਬੁੱਧ, ਗੁਰੂ ਨਾਨਕ, ਸਤਿਗੁਰੂ ਰਾਮ ਸਿੰਘ ਜੀ ਅਤੇ ਮਹਾਤਮਾ ਗਾਂਧੀ ਦਾ ਦੇਸ਼ ਹੈ। ਅਮਨ, ਇਨਸਾਫ, ਸਦਭਾਵਨਾ ਅਤੇ ਉੜਿਆਂ-ਥੁੜਿਆਂ ਦੇ ਸਰਬ ਪੱਖੀ ਵਿਕਾਸ ਦੁਆਰਾ ਹੀ ਅਸੀਂ ਆਪਣੇ ਮੁਲਕ ਨੂੰ ਉੱਨਤ ਦੇਸ਼ਾਂ ਦੀ ਕਤਾਰ ਵਿੱਚ ਲਿਆ ਸਕਾਂਗੇ ।ਅਜਿਹਾ ਕਰਕੇ ਹੀ ਅਸੀਂ ਖਿਦਰਾਨੇ ਦੀ ਢਾਬ ਅਤੇ 17-18 ਜਨਵਰੀ ਵਾਲੇ ਮਲੇਰ ਕੋਟਲੇ ਦੇ ਮਹਾਨ ਸ਼ਹੀਦਾਂ ਦੀ ਵਿਰਾਸਤ ਨੂੰ ਭਾਰਤੀ ਗਣਤੰਤਰ ਨਾਲ ਇਕਮਿੱਕ ਹੁੰਦਾ ਵੇਖ ਸਕਾਂਗੇ।

**-ਸੁਵਰਨ ਸਿੰਘ ਵਿਰਕ**
**ਕਰੀਵਾਲਾ (ਸਰਸਾ)**
**ਸੰਪ:99963-71716**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਅਸੀ ਤਾ ਭਾਈ ਕਿਸੇ ਨੂ ਕੁਛ ਨਹੀ ਆਦੇ।
ਏਨਾ ਨੂ ਇਨਾ ਦੀ ਕਰਨੀ ਹੀ ਪਈ ਡਰਾਉਦੀ ਹੈ ਰਾਤ ਦਿਨ।
ਪੰਜਾਬ ਮੈ ਭੀ ਏਨਾ ਨੂ ਏਹੁ ਭਰਮ ਹੋਇਆ ਜਿਸ ਤਰਾ ਅਗੇ ਸਿਖਾ ਨੇ ਦੇਸ ਮਲ ਲਿਆ ਸੀ ਦਿਲੀ ਦਾ, ਉਸੇ ਤਰਾ ਏ ਹੁਣ ਬੀ ਮਲ ਲੈਣਗੇ, ਤੁਸੀ ਕੋਈ ਏਨਾ ਦਾ ਬੰਦੋਬਸਤ ਕਰੋ।
ਏਨਾ ਨੂ ਬਹੁਤ ਲੋਕਾ ਨੇ ਏਹੁ ਭ੍ਰਮ ਪਾਇਆ।
ਗਿਆਨੀ ਸਿੰਘ ਲੰਝੇ ਬੀ ਕਹਾ ਏਨ ਨਹੀ ਕਹਾ। ਏਹੁ ਤਾ ਮੁੰਡਿਆ ਦੀ ਖੇਲ ਹੋਈ।
ਜੋ ਏਹੁ ਆਖਦਾ ਤਾ ਤੁਸੀ ਏਥੇ ਨਾ ਬੈਠੇ ਰਹਿੰਦੇ।
ਏ ਜਾਣੀ ਜੇ ਏਹੁ ਬੀ ਆਖ ਦੇਊ ਤਾ ਬੜਾ ਗਜਬ ਹੈ।
ਇਸ ਨੂ ਕਿਤੇ ਦੂਰ ਲੈ ਜਾਓ ਛੇਤੀ ਚੁਪ ਚੁਪਾਤੇ।

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਕਲਿਜੁਗ ਵਿੱਚ ਭਗਤੀ

ਨਾਮ ਜਪਣ ਵਾਲਿਆਂ ਨੂੰ ਦਿਲ ਨਹੀਂ ਤੋੜਨਾ ਚਾਹੀਦਾ। ਤੁਸਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਸਰਵਣ ਕੀਤਾ ਹੈ। ਭਗਵਾਨ ਕ੍ਰਿਸ਼ਨ ਦਾ ਉਹ ਦ੍ਰਿਸ਼ ਜਦੋਂ ਗੋਪੀਆਂ ਨਾਲ ਬਹੁਤ ਨੇੜਤਾ ਕੀਤੀ, ਗੋਪੀਆਂ ਨੇ ਸਮਝਿਆ ਕਿ ਹੁਣ ਭਗਵਾਨ ਸਾਡੇ ਵੱਸ ਵਿਚ ਹੋ ਗਏ ਹਨ। ਭਗਵਾਨ ਅਲੋਪ ਹੋ ਗਏ। ਫੇਰ ਗੋਪੀਆਂ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ। ਸਤਿਜੁਗ, ਤ੍ਰੇਤਾ, ਦੁਆਪਰ ਦੇ ਭਗਤਾਂ ਦੇ ਵਾਸਤੇ ਪਾਏ ਤਾਂ ਨਹੀਂ ਦਰਸ਼ਨ ਹੋਏ ਭਗਵਾਨ ਦੇ। ਜਦੋਂ ਕਲਿਜੁਗ ਦੇ ਭਗਤਾਂ ਦਾ ਵਾਸਤਾ ਪਾਇਆ ਤਾਂ ਭਗਵਾਨ ਉਸੇ ਵੇਲੇ ਪਰਗਟ ਹੋ ਗਏ। ਗੋਪੀਆਂ ਨੇ ਪੁੱਛਿਆ ਕਿ ਸਤਿਜੁਗ, ਤ੍ਰੇਤਾ, ਦੁਆਪਰ ਦੇ ਬਿਰਤੀਆਂ ਟਿਕਾ ਕੇ ਭਜਨ ਕਰਨ ਵਾਲੇ ਏਨੇ ਸਾਧੂ , ਏਨੀਆਂ ਵੱਡੀਆਂ ਉਮਰਾਂ ਵਾਲੇ, ਏਨਾ ਲੰਮਾ ਸਮਾਂ ਨਾਮ ਜਪਣ ਵਾਲੇ ਸਾਧੂਆਂ, ਭਗਤਾਂ ਦੇ ਨਾਮ ਦਾ ਵਾਸਤਾ ਪਾਉਣ 'ਤੇ ਤੁਸੀਂ ਨਾ ਆਏ, ਪਰ ਕਲਿਜੁਗ ਦੇ ਭਗਤਾਂ ਦਾ ਵਾਸਤਾ ਪਾਉਣ 'ਤੇ ਝੱਟ ਪ੍ਰਗਟ ਹੋ ਗਏ ਹੋ ਤਾਂ ਭਗਵਾਨ ਨੇ ਆਖਿਆ ਕਿ ਉਨ੍ਹਾਂ ਯੁੱਗਾਂ ਵਿਚ ਤਾਂ ਭਜਨ ਕਰਨਾ ਕੋਈ ਔਖਾ ਹੀ ਨਹੀਂ। ਸਤਿਜੁਗ ਤੇ ਦੁਆਪਰ ਵਿਚ ਭਗਵਾਨ ਨੇ ਮਾਇਆ ਸੰਕੋਚ ਕੇ ਰੱਖੀ ਸੀ। ਕਲਿਜੁਗ ਵਿਚ ਪਾਪਾਂ ਦਾ ਭਾਰ, ਮਾਇਆ ਦਾ ਫੈਲਾਓ ਸਾਡੇ ਦੁਆਲੇ ਹੈ।ਇਸ ਵਿਚੋਂ ਨਿਕਲਕੇ ਫੇਰ ਵੀ ਜਿਹੜੇ ਨਾਮ ਜਪਦੇ ਨੇ, ਇਹ ਕਿਰਪਾ ਹੈ ਸਤਿਗੁਰਾਂ ਦੀ, ਤਾਂ ਹੀ ਇਸ ਕਲੂਕਾਲ ਵਿਚ ਧਰਮ-ਕਰਮ ਹੋ ਸਕਦੇ ਹਨ।

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਸਥਾਨ: ਨਾਮਧਾਰੀ ਸ਼ਹੀਦੀ ਸਮਾਰਕ**
**ਮਲੇਰ ਕੋਟਲਾ**

**ਮਿਤੀ 17 ਜਨਵਰੀ 2018**

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਇਕ ਵਾਰੀ ਰਸਨਾ ਪਵਿੱਤਰ ਕਰੋ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ। ਮੈਂ ਗੁਰੂ ਅਰਜਨ ਦੇਵ ਪਾਤਸ਼ਾਹ ਨੂੰ ਇਸ ਕਰਕੇ ਯਾਦ ਕਰ ਰਿਹਾਂ ਕਿ ਸਿੱਖਾਂ ਵਿਚ ਸ਼ਹੀਦਾਂ ਦੀ ਲੜੀ, ਜੇ ਅਸੀਂ ਸ਼ਹੀਦੀ ਗਿਣੀਏ ਤੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਦੀ ਸ਼ਹੀਦੀ ਪਹਿਲੀ ਸ਼ਹੀਦੀ ਹੋਈ ਹੈ। ਆਪਾਂ ਉਸੇ ਲੜੀ ਵਿਚ ਫੇਰ ਯਾਦ ਕਰੀਏ ਜਿਨ੍ਹਾਂ ਪਾਤਸ਼ਾਹ ਨੇ ਸੁਪਨੇ ਦੇ ਰੂਪ ਵਿਚ ਏਨ੍ਹਾਂ ਸਿੱਖਾਂ ਨੂੰ ਹੁਕਮ ਦੇ ਕੇ ਏਹ ਸ਼ਹਾਦਤ ਪ੍ਰਾਪਤ ਕਰਨ ਲਈ ਤੋਰਿਆ, ਜਿਨ੍ਹਾਂ ਸਿੱਖਾਂ ਵਾਸਤੇ ਏਹ ਪ੍ਰੇਰਨਾ ਹੋਏ, ਇਕ ਵਾਰੀ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ। ਜਿਹੜੇ ਪਾਤਸ਼ਾਹ ਦਾ ਸਾਜਿਆ ਹੋਇਆ ਖਾਲਸਾ ਪੰਥ ਏ, ਜਿਹੜੇ ਸਾਡੇ ਸਤਿਗੁਰੂ ਦਾ ਦਿੱਤਾ ਹੋਇਆ ਏਹ ਰੂਪ ਏ, ਉਨ੍ਹਾਂ ਨੂੰ ਯਾਦ ਕਰਦੇ ਹੋਏ ਇਕ ਵਾਰੀ ਆਖੀਏ ਧੰਨ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ। ਤੇ ਉਹ ਪਾਤਸ਼ਾਹ ਜਿਨ੍ਹਾਂ ਨੇ ਕਿਰਪਾ ਕੀਤੀ, ਮੁੜ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੇ ਚਲਾਏ ਹੋਏ ਪੰਥ ਨੂੰ ਸੁਰਜੀਤ ਕੀਤਾ, ਜਿਨ੍ਹਾਂ ਨੇ ਦੁਬਾਰਾ ਉਹ ਸਿੱਖੀ ਮੁੜ ਫੂਕੀ ਸਿੱਖਾਂ ਵਿਚ ਜਿਸਤੇ ਚੱਲਕੇ ਏਹ ਆਜ਼ਾਦੀ ਪ੍ਰਾਪਤ ਹੋਈ। ਉਸ ਮਹਾਨ ਸਤਿਗੁਰੂ ਨੂੰ ਨਮਸਕਾਰ ਕਰਦੇ ਹੋਏ ਇਕ ਵਾਰੀ ਆਖੀਏ ਧੰਨ ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ। ਸਾਧ ਸੰਗਤ ਜੀ ਆਪਾਂ ਸਾਰਿਆਂ ਨੂੰ ਜਿਸ ਪਾਤਸ਼ਾਹ ਨੇ ਇਸ ਸੱਚਾਈ ਨਾਲ ਏਨ੍ਹਾਂ ਸਤਿਗੁਰੂਆਂ ਨਾਲ, ਇਸ ਸਿੱਖੀ ਨਾਲ ਜੋੜ ਕੇ ਰੱਖਿਆ। ਜਿੰਨ੍ਹਾਂ ਦੀ ਗੋਦ ਦਾ ਆਪਾਂ ਆਨੰਦ ਮਾਣਿਆ ਹੈ। ਉਨ੍ਹਾਂ ਨੂੰ ਆਪਾਂ ਯਾਦ ਕਰੀਏ ਤੇ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ।

ਸਾਧ ਸੰਗਤ ਜੀ ਤੁਸੀਂ ਬਹੁਤ ਇਤਿਹਾਸ ਸੁਣਿਆ, ਗੁਰਲਾਲ ਸਿੰਘ ਨੇ ਸ਼ੁਰੂ ਕੀਤਾ, ਹਰਪਾਲ ਸਿੰਘ, ਸੰਤ ਨਿਸ਼ਾਨ ਸਿੰਘ ਜੀ, ਗਾਬੜੀਆ ਜੀ ਸਾਰਿਆਂ ਤੋਂ ਤੁਸੀਂ ਬਹਤੁ ਇਤਿਹਾਸ ਸੁਣਿਆ। ਹਰ ਇਕ ਨੇ ਤੁਹਾਨੂੰ ਬਹੁਤ ਹੀ ਨਵੀਆਂ ਗੱਲਾਂ ਦੱਸੀਆਂ। ਜਿਸ ਤਰ੍ਹਾਂ ਹਰਪਾਲ ਸਿੰਘ ਨੇ ਦੱਸਿਆ। 9 ਸਾਲ ਦੇ ਸ਼ਹੀਦ ਦਾ ਦੱਸਿਆ। ਸੰਤ ਨਿਸ਼ਾਨ ਸਿੰਘ ਹੁਰਾਂ ਨੇ ਦੱਸਿਆ, ਉਨ੍ਹਾਂ ਦਾ ਗਿਆਨ ਮੇਰੇ ਨਾਲੋਂ ਬਹੁਤ ਵਸੀਹ ਹੈ। ਮੈਂ ਉਨ੍ਹਾਂ ਗੱਲਾਂ ਦੇ ਨਾਲ ਹੋਰ ਕੋਈ ਗੱਲ ਨਹੀਂ ਕਰਨੀ ਚਾਹੁੰਦਾ। ਮੈਂ ਬੈਠਾ ਬੈਠਾ ਸੋਚ ਰਿਹਾ ਸੀ ਕਿ ਆਜ਼ਾਦੀ ਦੀ ਲੜ੍ਹਾਈ ਤੇ ਬਹੁਤ ਪੁਰਾਣੀ ਏ।ਆਜ਼ਾਦੀ ਦੀ ਲੜ੍ਹਾਈ ਤੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਵੇਲੇ ਦੀ ਏ। ਏ ਆਜ਼ਾਦੀ ਦੀ ਲੜ੍ਹਾਈ ਏ, ਦੇਸ਼ ਤਾਂ ਸਾਡਾ ਉਦੋਂ ਵੀ ਗੁਲਾਮ ਸੀ । ਜਦੋਂ ਗੁਰੂ ਗਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਇਸ ਪੰਥ ਦੀ ਸਾਜਨਾ ਕੀਤੀ। ਏਹ ਜੋ ਲੜਾਈ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਚਲਾਈ ਹੋਈ ਸੀ।ਉਸ ਲੜ੍ਹਾਈ ਨੂੰ ਹੀ ਅੱਗੇ ਤੋਰਿਆ ਸਤਿਗੁਰੂ ਰਾਮ ਸਿੰਘ ਜੀ ਸੱਚੇ ਪਾਤਸ਼ਾਹ ਨੇ, ਇਹ ਵੱਖਰੀ ਗੱਲ ਏ ਉਦੋਂ ਬਾਹਰੋਂ ਆਏ ਹੋਏ ਜ਼ਾਲਮ ਮੁਗਲਾਂ ਦੇ ਵਿਰੁੱਧ ਲੜ੍ਹਾਈ ਸੀ। ਗੁਰੂ ਰਾਮ ਸਿੰਘ ਜੀ ਵੇਲੇ ਇਹ ਲੜ੍ਹਾਈ ਅੰਗ੍ਰੇਜ਼ਾਂ ਵਿਰੁੱਧ ਹੋ ਗਈ। ਉਦੋਂ ਵੀ ਜਬਰਦਸਤੀ ਜਬਰ ਜਨਾਹ ਹੁੰਦਾ ਸੀ। ਉਦੋਂ ਵੀ ਜ਼ੁਲਮ ਦਾ ਢੰਗ ਬਹੁਤ ਜਿਆਦਾ ਸੀ। ਤੁਸੀਂ ਇਤਿਹਾਸ ਸੁਣਿਆ ਹੋਣਾ। ਤੁਹਾਨੂੰ ਹਰਪਾਲ ਸਿੰਘ ਨੇ ਵੀ ਦੱਸਿਆ ਕਿਵੇਂ ਬੰਦੇ ਬਹਾਦਰ ਨੂੰ ਸ਼ਹੀਦ ਕੀਤਾ ਗਿਆ। ਕਿਸ ਤਰ੍ਹਾਂ ਉਸਦੇ ਬੱਚੇ ਦਾ ਦਿਲ ਕੱਢ ਕੇ ਉਸਦੇ ਮੂੰਹ ਵਿਚ ਦਿੱਤਾ ਗਿਆ ਤੇ ਆਪਾਂ ਹੁਣੇ-ਹੁਣੇ ਹੀ ਮਨ੍ਹਾ ਕੇ ਹਟੇ ਹਾਂ, ਥੋੜਾ ਚਿਰ ਹੀ ਹੋਇਆ ਹਜੇ, ਸਾਹਿਬਜ਼ਾਦਿਆਂ ਦਾ ਦਿਨ। ਕਿਸ ਤਰ੍ਹਾਂ ਸਾਹਿਬਜ਼ਾਦੇ ਸ਼ਹੀਦ ਹੋਏ ਤੇ ਉਹਨਾਂ ਸ਼ਹਾਦਤਾਂ ਦੀ ਲੜੀ ਵਿਚ ਹੀ ਇਹ ਸਿੱਖ ਇਥੇ ਮਲੇਰਕੋਟਲੇ ਵਿਚ ਸ਼ਹੀਦ ਹੋਏ। ਇਹ ਲੜ੍ਹਾਈ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਦੇ ਸਿੱਖਾਂ ਨੇ ਲੜ੍ਹੀ, ਸਾਹਿਬਜ਼ਾਦੇ ਵੀ ਸ਼ਹੀਦ ਹੋਏ ਜਿਹੜੇ ਸਿੱਖ ਉਨ੍ਹਾਂ ਨੂੰ ਉਹਨਾਂ ਦੇ ਪੁੱਤਰਾਂ ਨਾਲੋਂ ਵੀ ਜਿਆਦਾ ਪਿਆਰੇ ਸੀ। ਉਸੇ ਤਰ੍ਹਾਂ ਇਹ ਲੜ੍ਹਾਈ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਵੀ ਜਾਰੀ ਰਹੀ। ਜਿਸ ਤਰ੍ਹਾਂ ਗਾਬੜੀਆ ਜੀ ਨੇ ਦੱਸਿਆ ਕਿ ਇਹ ਆਜ਼ਾਦੀ ਸਾਨੂੰ ਮਿਲੀ। ਆਪਾਂ ਇੱਥੇ ਆਉਂਦੇ ਹਾਂ, ਸੰਗਤ ਬਹੁਤ ਆਉਂਦੀ ਏ ਵਹੁਤ ਸ਼ਰਧਾ ਪਿਆਰ ਨਾਲ ਆਉਂਦੀ ਏ। ਆਪਾਂ ਇਥੋਂ ਇਹ ਪ੍ਰੇਰਣਾ ਲੈ ਕੇ ਜਾਈਏ ਕਿ ਉਹਨਾਂ ਸਿੱਖਾਂ ਦੇ ਜੀਵਨ ਕਿੰਨੇ ਉੱਚੇ

ਸੀ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ ਸੀ। ਦੇਸ਼ ਦੀ ਆਜ਼ਾਦੀ ਲਈ ਉਹ ਏਨਾਂ ਐਬਾਂ ਤੋਂ ਕਿਸ ਤਰ੍ਹਾਂ ਉੱਚੇ ਹੋ ਗਏ ਸਨ। ਗੱਲ ਉਨ੍ਹਾਂ ਨਸ਼ੇ ਦੀ ਕੀਤੀ ਏ, ਨਸ਼ਿਆਂ ਦੀ ਗੱਲ ਤਾਂ ਬਹੁਤ ਛੋਟੀ ਏ, ਪਰ ਉਹਨਾਂ ਨੇ ਕਿਸ ਤਰ੍ਹਾਂ ਆਪਣਾ ਮੋਹ ਜਿੱਤ ਲਿਆ। ਉਹਨਾਂ ਨੇ ਕਿਸ ਤਰ੍ਹਾਂ ਆਪਣੇ ਲਾਲਚ ਨੂੰ ਜਿੱਤ ਲਿਆ। ਉਹਨਾਂ ਨੂੰ ਇਹ ਮੋਹ ਨਹੀਂ ਰਿਹਾ -ਸਰੀਰ ਦਾ ਮੋਹ ਨਹੀਂ ਰਿਹਾ,ਪਰਿਵਾਰ ਦਾ ਮੋਹ ਨਹੀਂ ਰਿਹਾ, ਓਹ ਇਹਨਾਂ ਸਾਰੀਆਂ ਗੱਲਾਂ ਤੋਂ ਉੱਤੇ ਹੋ ਗਏ।

ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਉਪਦੇਸ਼ ਵਿਚ ਆਉਂਦਾ ਹੈ ਬਾਬਾ ਸੋਹਣ ਸਿੰਘ ਜੀ ਭਕਨਾ ਦੇ ਨਾਲ ਬੈਠਿਆਂ, ਬਾਬਾ ਜੀ ਆਖਿਆ ਕਿ ਅੱਜ ਦੀ ਲੋੜ ਸਾਡੇ ਦੇਸ਼ ਨੂੰ ਉਸ ਆਜ਼ਾਦੀ ਦੀ ਲੋੜ ਹੈ, ਜਿਸਦੀ ਕਲਪਨਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕੀਤੀ ਸੀ।ਜਦੋਂ ਅਸੀਂ ਆਪਣੇ ਲਾਲਚਾਂ, ਆਪਣੇ ਸਵਾਰਥਾਂ ਲਈ ਨਾ ਵਿਕੀਏ ਉਸ ਆਜ਼ਾਦੀ ਲਈ, ਉਸ ਆਜ਼ਾਦੀ ਦੀ ਕਲਪਨਾ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ ਸੀ। ਸਾਡੇ ਸ਼ਹੀਦਾਂ ਨੇ ਭਾਂਵੇ ਉਹ ਸ਼ਹੀਦ ਭਗਤ ਸਿੰਘ ਦੇ ਰੂਪ ਵਿਚ ਹੋਏ, ਭਾਂਵੇ ਸ਼ਹੀਦ ਊਧਮ ਸਿੰਘ ਦੇ ਰੂਪ ਵਿਚ ਹੋਏ, ਮੇਰਾ ਖਿਆਲ ਹੈ ਕਿ, ਮੈਂ ਇਹ ਕੰਪੇਅਰ (compare) ਤਾਂ ਨਹੀਂ ਕਰਨਾ ਚਾਹੁੰਦਾ ਪਰ ਇਸ ਪੰਜਾਬ ਦੀ ਧਰਤੀ ਨੇ ਸਾਰਿਆਂ ਤੋਂ ਵੱਧ ਸ਼ਹੀਦ ਇਸ ਦੇਸ਼ ਨੂੰ ਦਿੱਤੇ ਨੇ। ਸਾਰਿਆਂ ਤੋਂ ਵੱਧ ਜੁਲਮ ਹੋਏ ਨੇ, ਸ਼ਾਇਦ ਇਸ ਭਾਰਤ ਵਿਚ ਸਿੱਖਾਂ ਦੇ ਉੱਤੇ ਹੋਏ ਨੇ। ਜੇ ਅਸੀਂ ਮੁਗਲਾਂ ਦੇ ਟਾਇਮ ਤੋਂ ਲੈ ਲਈਏ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਵੇਲੇ ਨਾਮਧਾਰੀਆਂ ਤੇ ਕਿਸ ਤਰ੍ਹਾਂ ਜ਼ੁਲਮ ਹੋਏ ਨੇ। ਕਿੰਨੇ ਸਮੁੰਦਰਾਂ ਚ ਡੋਬ-ਡੋਬ ਕੇ ਈ ਮਾਰ ਦਿੱਤੇ, ਕਿੰਨੇ ਅੰਡੇਮਾਨ-ਨਿੱਕੋਬਾਰ ਮਾਰ ਦਿੱਤੇ, ਕਿਸ ਤਰ੍ਹਾਂ ਹਜ਼ਾਰੀਬਾਗ ਜਾ ਕੇ ਸ਼ਹੀਦ ਹੋਏ, ਇਨ੍ਹਾਂ ਸ਼ਹੀਦਾਂ ਨੂੰ ਯਾਦ ਕਰਦਿਆਂ ਹੋਇਆ ਆਪਾਂ ਉਨ੍ਹਾਂ ਤੋਂ ਸੱਚ ਤੇ ਚਲਣਾ ਸਿੱਖੀਏ, ਅਸੀਂ ਉਨ੍ਹਾਂ ਤੋਂ ਇਹ ਪ੍ਰੇਰਣਾਂ ਲੈ ਸਕੀਏ, ਅਸੀਂ ਇਹ ਅਰਦਾਸ ਕਰਕੇ ਜਾਈਏ, ਸਤਿਗੁਰੂ ਸੱਚੇ ਪਾਤਸ਼ਾਹ ਸਾਡੇ ਤੇ ਕਿਰਪਾ ਕਰਨ, ਅਸੀਂ ਵੀ ਆਪਣੇ ਧਰਮ ਵਿਚ ਪੱਕੇ ਰਹਿ ਸਕੀਏ। ਛੋਟੇ-ਛੋਟੇ ਲਾਲਚਾਂ ਨਾਲ ਸਾਡਾ ਮਨ ਡੋਲਦਾ ਹੈ। ਛੋਟੀਆਂ-ਛੋਟੀਆਂ ਬੁਰਾਈਆਂ ਦੇਖ ਕੇ ਸਾਡਾ ਮਨ ਡੋਲਦਾ ਹੈ, ਸਾਡੇ ਅੰਦਰ ਵੀ ਉਹ ਸਿੱਖੀ ਆ ਸਕੇ ਜਿਸ ਸਿੱਖੀ ਨਾਲ ਜ਼ੁਲਮ ਦੇ ਨਾਲ ਲੜਨ ਲਈ ਸਾਡੇ ਤੇ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ, ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਤੇ ਕਿਸ ਤਰ੍ਹਾਂ ਸੱਚੇ ਪਾਤਸ਼ਾਹ ਨੇ ਉਸ ਮਹਾਨ ਸਤਿਗੁਰੂ ਨੇ ਆਪਣੇ ਬੱਚੇ ਜਿਸ ਸਿੱਖੀ ਵਾਸਤੇ ਵਾਰੇ, ਅਸੀਂ ਉਸ ਸਿੱਖੀ ਨੂੰ ਨਾ ਭੁੱਲੀਏ। ਜੇ ਸਾਡੀ ਸਿੱਖੀ ਰਹੇਗੀ ਤੇ ਸਾਡੀ ਆਜ਼ਾਦੀ ਸਦਾ ਹੀ ਕਾਇਮ ਰਹੇਗੀ।

ਇਹ ਸਿੱਖੀ ਆਜ਼ਾਦੀ ਵਾਸਤੇ ਲੜੀ ਏ, ਪਰ ਜਦੋਂ ਅਸੀਂ ਆਪਣੀ ਸਿੱਖੀ ਤੇ ਕਾਇਮ ਰਹਾਂਗੇ, ਸਾਡੀ ਆਤਮਾ ਉੱਚੀ ਹੋਏਗੀ, ਸਾਡਾ ਮਨ ਵੀ ਉੱਚਾ ਹੋਏਗਾ, ਸਾਡਾ ਮਨ ਨਹੀਂ ਡੋਲੇਗਾ। ਉਹ ਕਿਸ ਤਰ੍ਹਾਂ ਛੋਟੇ-ਛੋਟੇ ਬੱਚਿਆਂ ਨੇ, ਉਨ੍ਹਾਂ ਨੂੰ ਆਖਿਆ ਕਿ ਤੂੰ ਕਹਿ ਦੇ ਕਿ ਮੈ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਨਹੀ, ਅਖੇ ਤੇਰੀ ਜੁਅਰਤ ਕਿਵੇਂ ਹੋਈ ਕਿ ਮੈਨੂੰ ਤੂੰ ਐਨੀ ਗੱਲ ਆਖ ਜਾਵੇਂ, ਕਿੰਨੇ ਦ੍ਰਿੜ ਸੀ ਉਹ ਬੱਚੇ, ਕਿਸ ਤਰ੍ਹਾਂ ਉਨ੍ਹਾਂ ਨੇ ਸ਼ਹਾਦਤਾਂ ਪਾਈਆਂ। ਅਸੀਂ ਜਦੋਂ ਆਪਣਿਆਂ ਬੱਚਿਆਂ ਨੂੰ ਇਹ ਸਾਖੀਆਂ ਸੁਣਾਵਾਂਗੇ, ਇਹ ਗੱਲਾਂ ਸੁਣਾਵਾਂਗੇ, ਉਹ ਬੱਚੇ ਸੱਚ ਤੇ ਚੱਲਣਗੇ, ਛੋਟੀ-ਛੋਟੀ ਗੱਲ ਪਿੱਛੇ ਡੋਲਣਗੇ ਨਹੀਂ। ਇਹ ਅਰਦਾਸ ਕਰਕੇ ਜਾਈਏ, ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਸਾਡਾ ਜੀਵਨ ਵੀ ਉੱਚਾ ਹੋ ਸਕੇ ਤਾਂ ਕਿ ਅਸੀਂ ਵੀ ਆਪਣੇ ਦੇਸ਼ ਦੀ ਆਪਣੀ ਕੌਮ ਦੀ ਸੇਵਾ ਕਰ ਸਕੀਏ। ਏਥੇ ਆਈ ਹੋਈ ਸਾਰੀ ਸਾਧ ਸੰਗਤ ਦਾ ਜਿਨ੍ਹਾਂ ਨੇ ਖਾਸ ਕਰਕੇ ਸੇਵਾ ਕੀਤੀ ਏ, ਸਰਦਾਰ ਸੁਰਿੰਦਰ ਸਿੰਘ ਹੁਣੀ ਉਨ੍ਹਾਂ ਦਾ ਪਰਿਵਾਰ ਸਾਰਾ, ਲੁਧਿਆਣੇ ਦੀ ਸਾਰੀ ਸੰਗਤ, ਮਲੇਰਕੋਟਲੇ ਵਾਲੇ, ਇੱਥੋਂ ਦੀ ਸਾਰੀ ਸੰਗਤ, ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ, ਜਿਹੜੀ ਦੂਰੋਂ-ਦੂਰੋਂ ਸੰਗਤ ਆਈਏ, ਖਾਸ ਕਰਕੇ ਬੀਬੀ ਰਜੀਆ ਜੀ, ਤੁਹਾਡਾ ਬਹੁਤ-ਬਹੁਤ ਧੰਨਵਾਦ, ਬੜੀਆਂ ਸਰਕਾਰਾਂ ਦੀਆਂ ਗੱਲਾਂ ਕੀਤੀਆਂ ਨੇ, ਕਿਹੜੇ-ਕਿਹੜੇ ਮੁੱਖ ਮੰਤਰੀਆਂ ਨੇ ਸੇਵਾ ਕੀਤੀ ਏ, ਮੈਂ ਸਮਝਦਾ ਹਾਂ ਕਿ ਏਥੇ ਸੇਵਾ ਏ, ਜਿਨਾਂ ਨੇ ਸੇਵਾ ਕਰ ਲਈ, ਉਨਾਂ ਦੇ ਧੰਨ ਭਾਗ ਨੇ। ਬੇਸ਼ੱਕ ਉਹ ਕੈਪਟਨ ਅਮਰਿੰਦਰ ਸਿੰਘ ਹੈ, ਬੇਸ਼ੱਕ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ, ਇਹ ਜਗ੍ਹਾ ਇਹਨਾਂ ਸਿਆਂਸਤਾਂ ਤੋਂ ਬਹੁਤ ਉੱਚੀ ਹੈ, ਜਿਹਨਾਂ ਨੇ ਵੀ ਇਥੇ ਸੇਵਾ ਕਰਲੀ, ਮੈਂ ਸਮਝਦਾ ਹਾਂ ਕਿ ਉਨਾਂ ਤੋਂ ਆਪ ਸੱਚੇ ਪਾਤਸ਼ਾਹ ਨੇ ਕਰਵਾਈ ਏ, ਉਨ੍ਹਾਂ ਦੇ ਧੰਨ ਭਾਗ ਨੇ, ਮੈਂ ਇੰਨੀ ਅਰਜ਼ ਕਰਦਾ ਹੋਇਆ ਤੁਹਾਡੇ ਸਾਰਿਆਂ ਤੋਂ ਆਗਿਆ ਲੈਂਦਾ ਹਾਂ, ਤੁਹਾਡਾ ਸਾਰਿਆਂ ਦਾ ਫਿਰ ਧੰਨਵਾਦ ਕਰਦਾ ਹਾਂ।

# ਪਾਠਸ਼ਾਲਾ ਤੋਂ ਕਤਲ ਗਾਹ ਤੱਕ (ਕਹਾਣੀ)

✍- ਸ੍ਰ. ਨਾਨਕ ਸਿੰਘ ਨਾਵਲਿਸਟ

**ਇਸ ਕਹਾਣੀ ਵਿੱਚ ਪੰਜਾਬੀ ਦੇ ਨਾਮਵਰ ਨਾਵਲਕਾਰ ਨਾਨਕ ਸਿੰਘ ਹੁਰਾਂ ਨੇ ਇਤਿਹਾਸ ਨੂੰ ਆਪਣੀ ਕਲਪਨਾ ਰਾਹੀਂ ਇੱਕ ਵੱਖਰੇ ਢੰਗ ਨਾਲ ਚਿਤਰਿਆ ਹੈ।** **-ਸੰਪਾਦਕ**

"ਖਵਰੇ ਕਿਉਂ ਇੰਡਾ ਚਿਰ ਲਾ ਦਿੱਤਾ ਸੂ" ਬਰੂਹਾਂ ਵਿੱਚ ਖੜੋਤੀ ਸੰਤੀ ਦੇ ਬੁਲ੍ਹ ਫਰਕ ਰਹੇ ਸਨ । ਉਸਦੀ ਨਜ਼ਰ ਗਲੀ ਦੇ ਮੋੜ ਉਤੇ ਟਿਕੀ ਹੋਈ ਸੀ ।

ਰਿਆਸਤ ਪਟਿਆਲਾ ਦੇ ਇੱਕ ਛੋਟੇ ਜਿਹੇ ਪਿੰਡ 'ਰੜ' ਦੀ ਬਾਹਰਲੀ ਬਾਹੀ ਵੱਲ ਇੱਕ ਗਰੀਬੜੇ ਜਿਹੇ ਕਿਸਾਨ ਦਾ ਇਹ ਘਰ ਸੀ, ਤੇ ਇਹ ਨਿੱਕਾ ਜਿਹਾ ਘਰ ਅਤੇ ਕੱਚਾ ਜਿਹਾ ਕੋਠਾ ਕੇਵਲ ਤਿੰਨ ਜੀਆਂ ਨਾਲ ਆਬਾਦ ਸੀ ।ਸੰਤੀ, ਉਸ ਦਾ ਪਤੀ ਸੁੱਚਾ ਸਿੰਘ ਅਤੇ ਉਸਦਾ ਇੱਕਲੋਤਾ ਪੁੱਤਰ ਬਿਸ਼ਨ ਸਿੰਘ ।

ਇਕਲੋਤੇ ਪੁੱਤਰ ਦੀ ਮਾਂ, ਕਹਿੰਦੇ ਨੇ ਅੱਧੀ ਸ਼ੁਦੈਣ ਹੁੰਦੀ ਹੈ, ਪਰ ਸੰਤੀ ਤਾਂ ਅੱਧੀ ਛੱਡਕੇ ਪੂਰੀ ਸ਼ੁਦੈਣ ਹੋ ਜਾਇਆ ਕਰਦੀ ਜਦੋਂ ਝਟ ਪਲ ਲਈ ਵੀ ਬਿਸ਼ਨਾ ਉਸ ਦੀਆਂ ਅੱਖਾਂ ਤੋਂ ਓਹਲੇ ਹੁੰਦਾ ।ਅੱਜ ਵੀ ਸੰਤੀ ਦੀ ਕੁਝ ਇਹੋ ਜਿਹੀ ਹਾਲਤ ਸੀ ।ਬਿਸ਼ਨਾ ਕਿਤੇ ਦੂਰ ਵੀ ਤਾਂ ਨਹੀਂ ਸੀ ਗਿਆ ।ਪਿੰਡ ਦੇ ਗੁਰਦੁਆਰੇ ਪੜ੍ਹਨ ਜਾਇਆ ਕਰਦਾ ਸੀ । ਸੰਤੀ ਓਵੇਂ ਹੀ ਬਰੂਹਾਂ ਵਿੱਚ ਖੜੀ-ਖੜੀ ਸੋਚ ਰਹੀ ਸੀ- ਪਰ ਅੱਜ ਤਾਂ ਮਾਘੀ ਦੀ ਸੰਗਰਾਂਦ ਕਰਕੇ ਗੁਰਦੁਆਰੇ ਦੇ ਮੁੰਡਿਆਂ ਨੂੰ ਸਵਖਤੇ ਹੀ ਛੁੱਟੀ ਹੋ ਗਈ ਹੈ,ਕਈ ਮੁੰਡੇ ਆਪੋ ਆਪਣੇ ਬਸਤੇ ਚੁੱਕੀ ਕਦੇ ਦੇ ਗਲੀ ਚੋਂ ਲੰਘ ਗਏ ਨੇ, ਫਿਰ ਬਿਸ਼ਨਾ ਕਿਉਂ ਨਹੀਂ ਮੁੜਿਆ ।

ਫਿਰ ਸੰਤੀ ਨੂੰ ਇੱਕ ਹੋਰ ਖਿਆਲ ਆਇਆ। ਰਾਤੀਂ ਜਦੋਂ ਖਾਓ ਪੀਓ ਤੋਂ ਸਾਰੇ ਵਿਹਲੇ ਹੋ ਕੇ ਸੌਂ ਗਏ ਸਨ ਤਾਂ ਬਿਸ਼ਨਾ ਅਛੋਪਲੇ ਮੰਜੇ ਤੋਂ ਉੱਠਕੇ ਕਿਹੜੇ ਕਾਰੇ ਲੱਗ ਪਿਆ ਸੀ। ਅੰਦਰੋਂ ਉਹ ਛੋਟੀ ਜੰਗਾਲੀ ਹੋਈ ਕਿਰਪਾਨ ਕੱਢਕੇ ਉਸ ਨੂੰ ਪੱਥਰ ਉੱਤੇ ਘਸਾਈ ਜਾ ਰਿਹਾ ਸੀ। ਪੁੱਛਿਆ ਤਾਂ ਆਖਣ ਲੱਗਾ ਐਵੇਂ ਬੇਬੇ, ਰਤਾ ਜੰਗਾਲ ਲਾਹੁਣ ਲੱਗਾ ਹਾਂ। ਸ਼ਸਤਰ ਦੀ ਬੇਅਦਬੀ ਹੁੰਦੀ ਹੈ, ਜੇ ਸਵਾਰਕੇ ਨਾ ਰੱਖੀਏ।

ਸੋਚਦਿਆਂ-ਸੋਚਦਿਆਂ ਸੰਤੀ ਦਾ ਖਿਆਲ ਹੋਰ ਪਾਸੇ ਚਲਾ ਗਿਆ, ਬਿਸ਼ਨਾ ਕਈਆਂ ਦਿਨਾਂ ਤੋਂ ਮਗਰ ਪਿਆ ਹੋਇਆ ਸੀ ਰਹੁ ਦੀ ਖੀਰ ਲਈ। ਅੱਜ ਮੈਂ ਉਚੇਚੇ ਉਸੇ ਖਾਤਰ ਤਾਂ ਰਿੱਧੀ ਏ, ਪਰ ਉਹ ਅਜੇ ਤਕ ਨਹੀਂ ਮੁੜਿਆ ਰਹੁ ਦੀ ਖੀਰ ਬਾਦੀ ਹੋ ਜਾਂਦੀ ਏ ਜੇ ਠੰਡੀ ਹੋ ਜਾਵੇ।

ਠੰਡ ਕਾਫੀ ਪੈ ਰਹੀ ਸੀ, ਅਕਾਸ਼ ਉੱਤੇ ਬੱਦਲ ਛਾਏ ਹੋਏ ਸੀ। ਗਲੀ 'ਚੋਂ ਆ ਰਹੇ ਠੰਡੀ ਹਵਾ ਦੇ ਫਰਾਟਿਆਂ ਨੇ ਸੰਤੀ ਨੂੰ ਸੁੰਨ ਕਰ ਦਿੱਤਾ ਸੀ ਅਤੇ ਆਪਣੇ ਕੱਕਰ ਵਰਗੇ ਹੱਥਾਂ ਨੂੰ ਇੱਕ ਦੂਜੇ ਨਾਲ ਰਗੜਦੀ ਹੋਈ ਉਹ ਪਿਛਾਂਹ ਪਰਤੀ ।

ਅੰਦਰ ਪੁੱਜ ਕੇ ਉਸ ਮੰਜੇ ਤੋਂ ਲੋਈ ਚੁੱਕੀ, ਬੁੱਕਲ ਮਾਰੀ, ਫਿਰ ਲਾਗਲੇ ਮੰਜੇ ਤੇ ਪਾਠ ਕਰ ਰਹੇ ਪਤੀ ਵੱਲ ਤੱਕ ਕੇ ਬੋਲੀ "ਬਿਸ਼ਨੇ ਦੇ ਬਾਪੂ ਰਸੋਈ ਵੱਲ ਧਿਆਨ ਰੱਖੀਂ, ਮੈਂ ਰਤਾ ਗੁਰਦੁਆਰੇ ਹੋ ਆਵਾਂ, ਬਿਸ਼ਨਾ ਅਇਆ ਨਹੀਂ ਅਜੇ ਤਾਈਂ।"

ਸੁੱਚਾ ਸਿੰਘ ਇਸ ਵੇਲੇ ਮੰਜੇ ਤੇ ਚੌਕੜੀ ਮਾਰੀ ਪਾਠ ਕਰ ਰਿਹਾ ਸੀ। ਸਣਕੇਸੀਂ ਇਸ਼ਨਾਨ ਕਰਨ ਕਰਕੇ ਉਸਦੇ ਕੇਸ ਅਜੇ ਤਕ ਗਿਲੇ ਸਨ, ਬੜਾ ਲੰਮਾ ਸਿੱਧਾ ਦਾਹੜਾ, ਜਿਸ ਵਿੱਚ ਕੋਈ ਕੋਈ ਚਿੱਟਾ ਵਾਲ ਚਮਕ ਰਿਹਾ ਸੀ, ਗਲ ਵਿੱਚ ਚਿੱਟੀ ਉੱਨ ਦੀ ਮਾਲਾ, ਅੱਖਾਂ ਵਿੱਚ ਰੂਹਾਨੀ ਜਿਹੀ ਜੋਤ। ਬੜ੍ਹੀ ਮਧੁਰਤਾ ਵਿੱਚ ਪੜ੍ਹ ਰਿਹਾ ਸੀ, "ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ।ਨਾਨਕ ਨਿਬਹੀ ਖੇਪ ਹਮਾਰੀ।"

ਪਾਠ ਕਰਦਿਆਂ ਸੁੱਚਾ ਸਿੰਘ ਨੇ ਸੰਤੀ ਨੂੰ ਇਸ਼ਾਰੇ ਨਾਲ ਦੋ ਚਾਰ ਮਿੰਟ ਲਈ ਰੁਕਣ ਦਾ ਇਸ਼ਾਰਾ ਕੀਤਾ, ਸੁਖਮਨੀ ਸਾਹਿਬ ਦਾ ਭੋਗ ਪੈਣ ਵਿੱਚ ਮਸੇ ਇਨੀਂ ਹੀ ਦੇਰ ਬਾਕੀ ਸੀ ।ਸੰਤੀ ਇਚਰ ਤੱਕ ਰਸੋਈ ਵੱਲ ਪਰਤੀ ਤੇ ਚੁੱਲ੍ਹੇ ਹੇਠ ਧੁਖ ਰਹੀ ਪਾਥੀ ਨੂੰ ਜ਼ਰਾ ਠਕੋਰ ਕੇ ਅੱਗ ਚਮਕਾ ਦਿੱਤੀ ਤਾਂ ਜੁ ਖੀਰ ਠੰਡੀ ਨਾ ਹੋ ਜਾਵੇ ।

ਦੋ ਤਿੰਨ ਮਿੰਟਾਂ ਬਾਦ ਜਦ ਉਹ ਮੁੜ ਸੁੱਚਾ ਸਿੰਘ ਪਾਸ ਪੁੱਜੀ ਤਾਂ ਸੁੱਚਾ ਸਿੰਘ ਪੜ੍ਹ ਰਿਹਾ ਸੀ -"ਸਭ ਤੇ ਊਚ ਤਾ ਕੀ ਸੋਭਾ ਬਨੀ। ਨਾਨਕ ਇਹ ਗੁਣਿ ਨਾਮੁ ਸੁਖਮਨੀ"।

ਇਸਤੋਂ ਪਹਿਲਾਂ ਸੰਤੀ ਆਪਣੇ ਪਹਿਲੇ ਵਾਕਾਂ ਨੂੰ ਦੁਹਰਾਂਦੀ, ਗੁਰਦੁਆਰੇ ਦਾ ਗਰੰਥੀ ਅੰਦਰ ਆਉਂਦਾ ਦਿਖਾਈ ਦਿੱਤਾ। ਸੰਤੀ ਦਾ ਦਿਲ ਧੜਕਣ ਲੱਗ ਪਿਆ ਉਸ ਦੇ ਹੱਥ ਵਿੱਚ ਬਿਸ਼ਨੇ ਦਾ ਬਸਤਾ ਤੱਕ ਕੇ ਉਸ ਸਵਾਲ ਕੀਤਾ - "ਬਾਬਾ ਜੀ ਮੇਰਾ ਬਿਸ਼ਨਾ ਨਹੀਂ ਆਇਆ ਅਜੇ ਤਾਂਈਂ।"

'ਓਸੇ ਬਾਰੇ ਦੱਸਣ ਆਇਆ ਸਾਂ ਬੀਬੀ' ਕਹਿੰਦੇ ਹੋਏ ਗਰੰਥੀ ਸਾਹਿਬ ਮੰਜੇ ਤੇ ਬੈਠ ਗਏ ।

ਮਾਂ ਦਾ ਦਿਲ ਹਿੱਕ ਪਾੜ ਕੇ ਬਾਹਰ ਵੱਲ ਨੂੰ ਆਉਣ ਲੱਗਾ - "ਕੀ ਕਿਹਾ ਜੇ ਜੀ? ਬਿਸ਼ਨਾ ਕਿੱਥੇ ਹੈ? ਬਿਸ਼ਨੇ ਬਾਬਤ ਕੀ ਦੱਸਣ ਆਏ ਜੇ? ਇੱਕੋ ਸਾਹ ਕਿੰਨਾ ਕੁਝ ਹੀ ਉਹ ਪੁੱਛ ਗਈ ।

ਇਧਰ ਮਾਂ ਦਾ ਇਹ ਹਾਲ ਸੀ ਤੇ ਉਧਰ ਸੁੱਚਾ ਸਿੰਘ ਦੀਆਂ ਅੱਖਾਂ ਅਜੇ ਤੱਕ ਪਾਠ ਦੇ ਆਤਮ ਰਸ ਵਿੱਚ ਗੜੂੰਦ ਸਨ ਜਿਸ ਦੀਆਂ ਇਹ ਤੁਕਾਂ ਇਹ ਹੁਣੇ-ਹੁਣੇ ਪੜ੍ਹ ਕੇ ਹਟਿਆ ਸੀ -"ਬ੍ਰਹਮ ਗਿਆਨੀ ਸਦਾ ਨਿਰਲੇਪ। ਜੈਸੇ ਜਲ ਮਹਿ ਕਮਲ ਅਲੇਪ। "

ਗ੍ਰੰਥੀ ਹੋਰਾਂ ਇੱਕ ਲੰਮੇ ਵਿਸਥਾਰ ਨਾਲ ਦੱਸਿਆ ਜਿਵੇਂ ਬੀਤੀ। ਰਾਤੀਂ ਇਲਾਕੇ ਦੇ ਨਾਮਧਾਰੀਆਂ ਦਾ ਜਥਾ ਮਲੇਰਕੋਟਲੇ ਜਾਂਦਾ ਹੋਇਆ ਗੁਰਦੁਆਰੇ ਉਤਰਿਆ ਸੀ ਅਤੇ ਗ੍ਰੰਥੀ ਜੀ ਨੇ ਇਹ ਵੀ ਦੱਸਿਆ ਕਿ ਸੰਤੀ ਦਾ ਬਾਰ੍ਹਾਂ ਵਰਿਆਂ ਦਾ ਲੜਕਾ ਬਿਸ਼ਨ ਸਿੰਘ ਕਿਵੇਂ ਜਥੇਦਾਰ ਹੀਰਾ ਸਿੰਘ ਨੂੰ ਤਰਲੇ ਵਾਸਤੇ ਪਾਉਂਦਾ ਰਿਹਾ ਸੀ ਕਿ ਉਸਨੂੰ ਵੀ ਨਾਲ ਲੈ ਚੱਲਣ, ਜਥੇਦਾਰ ਬਰਾਬਰ ਇਹ ਕਹਿ ਕੇ ਉਸਨੂੰ ਟਾਲਦਾ ਰਿਹਾ ਸੀ ਕਿ - "ਕਾਕਾ! ਤੂੰ ਅਜੇ ਬੱਚਾ ਹੈਂ। ਅਸੀਂ ਜਿਸ ਮੌਤ ਨੂੰ ਜਫੀਆਂ ਪਾਣ ਲਈ ਜਾ ਰਹੇ ਹਾਂ, ਤੇਰੇ ਵਰਗੇ ਬੱਚੇ ਉਸ ਮੌਤ ਦਾ ਨਾਂ ਸੁਣਕੇ ਹੀ ਡਡਿਆਂ ਉੱਠਦੇ ਹੁੰਦੇ ਹਨ। "

ਫੇਰ! ਫੇਰ!! ਸਾਹੋ ਸਾਹ ਹੋਈ ਸੰਤੀ ਨੇ ਸਵਾਲ ਕੀਤਾ ।

ਗ੍ਰੰਥੀ ਜੀ ਨੇ ਦੱਸਣਾ ਸ਼ੁਰੂ ਕੀਤਾ-"ਸਵੇਰੇ ਜਥਾ ਜਦੋਂ ਚਾਲੇ ਪਾਣ ਲੱਗਾ ਤਾਂ ਬਿਸ਼ਨ ਸਿੰਘ ਫੇਰ ਜਥੇਦਾਰ ਦੇ ਦੁਆਲੇ ਹੋਇਆ ਇਹੋ ਕਹੀ ਜਾਵੇ -"ਜਥੇਦਾਰ ਜੀ ਅੰਦਰੋਂ ਭਾਂਵੇਂ ਮੈਂ ਬੱਚਾ ਸਹੀ ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਹਾਂ। ਮੈਨੂੰ ਭਾਂਵੇਂ ਪੋਟਾ ਪੋਟਾ ਕਰਕੇ ਵੱਢ ਦਿੱਤਾ ਜਾਵੇ, ਆਪਣੇ ਸਤਿਗੁਰੂ ਦੀ ਸਿੱਖੀ ਨੂੰ ਲਾਜ ਨਹੀਂ ਲੱਗਣ ਦਿਆਂਗਾ। "

'ਫੇਰ ਜੀ? ਫੇਰ? ਮਾਂ ਦੀਆਂ ਆਂਦਰਾਂ ਇਹ ਸਵਾਲ ਬਣ ਕੇ ਗੂੰਜੀਆਂ ।

ਗ੍ਰੰਥੀ ਜੀ ਦੱਸੀ ਜਾ ਰਹੇ ਸਨ -"ਜਥੇਦਾਰ ਨੇ ਪਰ ਉਸਦੀ ਇੱਕ ਨ ਸੁਣੀ ਤੇ ਅਰਦਾਸਾ ਸੋਧ ਕੇ ਜਥਾ ਚਲਾ ਗਿਆ। "

"ਕੀ ਜਥਾ ਚਲਾ ਗਿਆ?" ਸੰਤੀ ਨੇ ਹੋਰ ਕਾਹਲਾ ਸਵਾਲ ਕੀਤਾ-"ਬਿਸ਼ਨਾ?"

"ਦੱਸਦਾ ਹਾਂ" ਗ੍ਰੰਥੀ ਜੀ ਬੋਲੇ -"ਜਥਾ ਤੁਰੇ ਨੂੰ ਥੋੜਾ ਹੀ ਚਿਰ ਹੋਇਆ ਸੀ ਕਿ ਅਰਾਈਂ ਮੁੰਡੇ ਨੇ ਇਹ ਬਸਤਾ ਮੈਨੂੰ ਲਿਆ ਫੜਾਇਆ ਤੇ ਨਾਲੇ ਬਿਸ਼ਨ ਸਿੰਘ ਦਾ ਸੁਨੇਹਾ"।

"ਸੁਨੇਹਾ?" ਸੰਤੀ ਦੀਆਂ ਅੱਖਾਂ ਪਥਰਾ ਰਹੀਆਂ ਸਨ-'ਕੀਹ ਸੁਨੇਹਾ ਬਾਬਾ ਜੀ?'

ਗ੍ਰੰਥੀ ਜੀ ਨੇ ਸੰਖੇਪ ਨਾਲ ਦੱਸ ਦਿੱਤਾ- "ਅਖੇ ਮੈਂ ਜਥੇ ਵਿੱਚ ਰਲਣ ਲਈ ਜਥੇ ਦੇ ਮਗਰ ਜਾ ਰਿਹਾ ਹਾਂ"।

ਇਹ ਵਾਕ ਕਹਿੰਦਿਆਂ ਗ੍ਰੰਥੀ ਜੀ ਨੇ ਇੱਕ ਵਾਰੀ ਸੰਤੀ ਵੱਲ ਤੇ ਇੱਕ ਵਾਰੀ ਸੁੱਚਾ ਸਿੰਘ ਵੱਲ ਤੱਕਿਆ। ਸੁੱਚਾ ਸਿੰਘ ਦੀਆਂ ਅੱਖਾਂ ਵਿੱਚ ਉਹੀ ਨਾਮ ਖੁਮਾਰੀ ਮੌਜੂਦ ਸੀ ਤੇ ਹੌਲੀ ਹੌਲੀ ਉਸਦੇ ਬੁੱਲ ਫਰਕ ਰਹੇ ਸਨ, "ਜਿਸ ਕੀ ਬਸਤੁ ਤਿਸੁ ਆਗੈ ਰਾਖੈ ।ਪ੍ਰਭ ਕੀ ਆਗਿਆ ਮਾਨੈ ਮਾਥੈ। ਉਸ ਤੇ ਚਉਗੁਨ ਕਰੈ ਨਿਹਾਲੁ। ਨਾਨਕ ਸਹਿਬੁ ਸਦਾ ਦਇਆਲੁ। "

ਤੇ ਸੰਤੀ? ਉਸਦੀਆਂ ਅੱਖਾਂ ਵਿੱਚ ਸਰੋਂ ਫੁੱਲ ਰਹੀ ਸੀ। ਜਿਵੇਂ ਮਾਸ ਦੀ ਨਹੀਂ, ਸੰਤੀ ਪੱਥਰ ਦੀ ਬਣ ਗਈ ਹੋਵੇ। ਸੁੱਚਾ ਸਿੰਘ ਨੇ ਉਸਦਾ ਮੋਢਾ ਹਲੂਣਦਿਆਂ ਕਿਹਾ "ਸੰਤੀਏ, ਸੰਤੀਏ,ਕੇਹੜੇ ਵਹਿਣਾਂ ਵਿੱਚ ਪੈ ਗਈ ਏਂ। ਕਮਲੀਏ ਸ਼ੁਕਰ ਨਹੀਂ ਕਰਦੀ ਜੁ ਪੁੱਤ ਤੇਰਾ ਸਤਿਗੁਰਾਂ ਦੀ ਗੋਦ ਵਿੱਚ ਜਾ ਰਿਹਾ ਹੈ। "

ਸੰਤੀ ਨੂੰ ਜਿਵੇਂ ਕਿਸੇ ਨੇ ਸੁੱਤੀ ਨੂੰ ਜਗਾ ਦਿੱਤਾ ।ਉਸਦੀਆਂ ਅੱਖਾਂ ਵਿੱਚ ਹਰਕਤ ਆਈ ਤੇ ਹਰਕਤ ਦੇ ਨਾਲ ਢਿੱਲ ਵੀ ਇਸ ਢਿੱਲ ਨੂੰ ਤੱਕ ਕੇ ਸੁੱਚਾ ਸਿੰਘ ਬੋਲਿਆ -"ਰੋਨੀਏਂ ਸੰਤੀਏ? ਫੋਟ ਕਮਲੀ। "

"ਰੋਂਦੀਂ ਨਹੀਂ ਬਿਸ਼ਨੇ ਦੇ ਬਾਪੂ" ਪੱਲੇ ਨਾਲ ਅੱਖਾਂ ਪੂੰਜਦੀ ਹੋਈ ਬੋਲੀ -"ਮੈਨੂੰ ਇੱਕ ਹੋਰ ਪਚਹਤਰੀ ਲੱਗੀ ਹੋਈ ਹੈ। "

"ਹੋਰ ਪਚਹਤਰੀ?" ਸੁੱਚਾ ਸਿੰਘ ਨੇ ਸਵਾਲ ਕੀਤਾ "ਕੀਹ?"

ਸੰਤੀ ਬੋਲੀ -"ਬਿਸ਼ਨਾ ਅਜੇ ਨਿਆਣਾ ਏ, ਰੋਟੀ ਟੁੱਕ ਮੰਗਣ ਦੀ ਉਮਰ ਏ ਉਹਦੀ ।ਨਾ ਜਾਣੀਏਂ ਮੇਰੀ ਕੁੱਖ ਨੂੰ ਦਾਗ ਲਾ ਆਵੇ ਮੌਤੋਂ ਡਰਕੇ। "

"ਸ਼ੁਦੈਣ ਕਿਸੇ ਥਾਂ ਦੀ" ਸੁੱਚਾ ਸਿੰਘ ਦੀਆਂ ਅੱਖਾਂ ਵਿੱਚ ਇੱਕ ਅਨੋਖੀ ਹੀ ਚਮਕ ਸੀ -"ਜੇ ਬਿਸ਼ਨਾ ਮੇਰਾ ਪੁੱਤਰ ਏ, ਤੇ ਸੱਚੀਂ ਮੁੱਚੀਂ ਸੰਤੀਏ, ਤੇਰੀ ਕੁੱਖੋਂ ਜਨਮ ਲਿਆ ਹੈ ਤਾਂ ਮੌਤ ਨੂੰ ਉਹ ਟਿੱਚ ਕਰਕੇ ਜਾਣੇਗਾ ਇਸ ਗੱਲ ਦਾ ਯਕੀਨ ਰੱਖ"।

ਮਾਂ ਦੇ ਹਿਰਦੇ ਵਿੱਚ ਇਸ ਵੇਲੇ ਦੰਹੁ ਤਾਕਤਾਂ ਦਾ ਘੋਲ ਹੋ ਰਿਹਾ ਸੀ - ਮੋਹ ਤੇ ਤਿਆਗ ਦਾ। ਤੇ ਰੋਕਦਿਆਂ-ਰੋਕਦਿਆਂ ਹੀ ਉਸਦੇ ਮੂੰਹੋਂ ਇੱਕ ਲੰਮੇ ਹਉਕੇ ਨਾਲ ਇਹ

ਵਾਕ ਨਿਕਲ ਹੀ ਗਿਆ – "ਹਾਏ ਦੋ ਕੜਛੀਆਂ ਖੀਰ ਤੇ ਖਾ ਜਾਂਦਾ। ਤੇਰੇ ਗੁਰੂ (ਗੁਰੂ ਗੋਬਿੰਦ ਸਿੰਘ ਜੀ) ਨੇ ਪਤਾ ਈ ਅਜੀਤ-ਜੁਝਾਰ ਨੂੰ ਕੀਹ ਆਖਿਆ ਸੀ ਜਦੋਂ ਉਨ੍ਹਾਂ ਪਾਣੀ ਮੰਗਿਆ ਸੀ ? -ਯਾਦ ਈ ?"

"ਯਾਦ ਏ" ਸੰਤੀ ਨੇ ਸੀਨੇ ਨੂੰ ਦੁਹਾਂ ਹੱਥਾਂ ਨਾਲ ਘੁੱਟਦਿਆਂ ਕਿਹਾ ।

"ਕੀ ਕਿਹਾ ਸੀ ਉਨ੍ਹਾਂ ਭਲਾ ?" ਸੁੱਚਾ ਸਿੰਘ ਨੇ ਮੁੜ ਪ੍ਰਸ਼ਨ ਕੀਤਾ ।

ਉਨ੍ਹਾਂ ਕਿਹਾ ਸੀ, ਸੰਤੀ ਦੀ ਅਵਾਜ ਲਰਜ਼ ਰਹੀ ਸੀ "ਉਨ੍ਹਾਂ ਕਿਹਾ ਸੀ ਕਿ ਅਖੇ ਬੱਚਿਓ ਤੁਹਾਡਾ ਪਾਣੀ ਹੁਣ ਲੜਾਈ ਦੇ ਮੈਦਾਨ ਵਿੱਚ ਏ।"

"ਤੇ ਕਮਲੀਏ ਸੁੱਚਾ ਸਿੰਘ ਬੋਲਿਆ" ਤੇਰੀ ਖੀਰ ਬਹੁਤ ਕੀਮਤੀ ਏ ਉਸ ਪਾਣੀ ਨਾਲੋਂ ?

ਪਤੀ ਦੀ ਗੱਲ ਸੁਣ ਕੇ ਸੰਤੀ ਦੇ ਹਿਰਦੇ 'ਚ ਜਿਵੇਂ ਕੋਈ ਨਵਾਂ ਬਲ ਆ ਪਿਆ। ਉਸ ਨੇ ਸਖਤੀ ਨਾਲ ਅੱਖਾਂ ਦੀ ਗਿੱਲ ਪੂੰਝ ਸੁੱਟੀ ਉਸਦੇ ਹੱਥ ਜੁੜ' ਗਏ ਅੱਖਾਂ ਉਤਾਂਹ ਉੱਠੀਆਂ ਤੇ ਉਸਦੇ ਕੰਬਦੇ-ਕੰਬਦੇ ਬੁਲ੍ਹਾਂ ਵਿੱਚੋਂ ਨਿਕਲਿਆ "ਲੇਖੇ ਲਾਂਈਂ ਲੇਖੇ ਲਾਂਈਂ ਚੀਨੀ ਵਾਲਿਆ ਮੇਰੇ ਲਾਲ ਨੂੰ ਲੇਖੇ......ਲੇ.....ਤੇ ਬੋਲਦਿਆਂ ਬੋਲਦਿਆਂ ਸੰਤੀ ਨੂੰ ਜਾਪਿਆ ਜਿਵੇਂ ਉਸਦਾ ਸਾਰੇ ਦਾ ਸਾਰਾ ਕਲੇਜਾ ਅੱਖਾਂ ਵੱਲ ਨੂੰ ਉਗਲਿਆ ਰਿਹਾ ਹੋਵੇ ।ਮਤੇ ਪਤੀ ਜਾਂ ਗ੍ਰੰਥੀ ਹੋਰਾਂ ਦੇ ਸਾਹਮਣੇ ਫੇਰ ਉਹ ਕੋਈ ਕਮਜੋਰੀ ਦਿਖਾਲ ਬਹੇ ਏਸ ਡਰੋਂ ਉੱਠਕੇ ਉਹ ਰਸੋਈ ਵੱਲ ਤੁਰ ਪਈ ।

ਰਸੋਈ ਵਿੱਚ ਜਾ ਕੇ ਸੰਤੀ ਨੇ ਵੇਖਿਆ , ਚੁੱਲ੍ਹੇ ਹੇਠ ਅੱਗ ਲਟ ਲਟ ਬਲ਼ ਰਹੀ ਸੀ ਤੇ ਪਤੀਲੇ ਵਿੱਚ ਖੀਰ ਦੀ ਸੜਨ ਦੀ ਬਾਸ਼ਨਾ ਆ ਰਹੀ ਸੀ ਪਰ ਸੰਤੀ ਨੇ ਨਾ ਤਾਂ ਅੱਗ ਮੱਠੀ ਕੀਤੀ, ਨਾ ਹੀ ਪਤੀਲੇ ਵਿੱਚ ਕੜਛੀ ਮਾਰੀ ।

ਥੋੜੀ ਦੇਰ ਬਾਦ ਜਦੋਂ ਸੁੱਚਾ ਸਿੰਘ ਅੰਦਰੋਂ ਨਿਕਲਿਆ ਵਿਹੜੇ ਵਿੱਚ ਆਇਆ ਤਾਂ ਉਸ ਵੇਖਿਆ ਸੰਤੀ ਗੱਡੇ ਅੱਗੇ ਦੋਵੇਂ ਢੱਗੇ ਜੋ ਚੁਕੀ ਸੀ ਤੇ ਅੰਦਰੋਂ ਦਬਾਦਬ ਸਮਾਨ ਕੱਢ ਕੇ ਗੱਡੇ ਵਿੱਚ ਲੱਦ ਰਹੀ ਸੀ । ਬਾਲਣ, ਮਕਈ ਦੀਆਂ ਦੋ ਤਿੰਨ ਪੰਡਾਂ, ਕਣਕ ਦੇ ਦੋ ਤਿੰਨ ਤੋੜੇ, ਕੁਝ ਕੱਪੜੇ, ਲੇਫ ਤਲਾਈਆਂ ਤੇ ਹੋਰ ਕਿੰਨਾਂ ਹੀ ਨਿੱਕੜ-ਸੁੱਕੜ। ਇਸ ਕੌਤਕ ਨੂੰ ਤੱਕ ਕੇ ਸੁੱਚਾ ਸਿੰਘ ਨੇ ਹੈਰਾਨੀ ਨਾਲ ਪੁੱਛਿਆ – "ਸੰਤੀਏ ਇਹ ਕੀ ਕਰਨ ਡਹੀ ਹੋਈ ਹੈਂ ?"

ਓਵੇਂ ਹੀ ਆਪਣੇ ਮੂੰਹ ਧਿਆਨ ਆਪਣੇ ਕੰਮ ਵਿੱਚ ਰੁੱਝੀ ਹੋਈ ਸੰਤੀ ਨੇ ਜਵਾਬ ਦਿੱਤਾ -"ਮਲੇਰਕੋਟਲੇ ਚੱਲੀ ਹਾਂ।"

"ਮਲੇਰ ਕੋਟਲੇ ?"

"ਆਹੋ" ਸੰਤੀ ਇੱਕ ਗਠੜੀ ਨੂੰ ਥਾਂ ਸਿਰ ਟਿਕਾਉਂਦੀ ਹੋਈ ਬੋਲੀ – "ਜਥੇ ਲਈ ਰੋਟੀ ਟੁਕ ਦਾ ਆਹਰ ਪਾਹਰ ਲੋੜੀਦਾ ਏ, ਨਾਲੇ ਆਖਰਾਂ ਦੀ ਸੀਤ ਪੈ ਰਹੀ ਹੈ ਉਤੋਂ। ਪਤਾ ਨਹੀਂ ਕੱਪੜਾ ਲੀੜਾ ਉਨ੍ਹਾਂ ਕੋਲ ਲੋੜ ਜੋਗਾ ਹੈ ਕਿ ਨਹੀਂ।"

ਸੁਣਕੇ ਸੁੱਚਾ ਸਿੰਘ ਦੇ ਹੋਠ ਜੁੜ ਗਏ, ਉਸਦਾ ਦਿਲ ਕੀਤਾ ਕਿ ਝੁਕ ਕੇ ਪਤਨੀ ਦੀ ਚਰਨ ਧੂੜ ਮੱਥੇ ਨੂੰ ਲਾ ਲਵੇ ।ਉਹ ਇਤਨਾ ਹੀ ਬੋਲ ਸਕਿਆ -"ਚੱਲ ਫੇਰ ਮੈਂ ਵੀ ਤਿਆਰ ਹਾਂ।"

'ਨਹੀਂ ਬਿਸ਼ਨੇ ਦੇ ਬਾਪੂ' ਸੰਤੀ ਮਕਈ ਵਾਲੇ ਸੇਬੇ ਨਾਲ ਬੰਨਦੀ ਹੋਈ ਬੋਲੀ "ਤੂੰ ਪੈਲੀ ਬੰਨਾ ਸੰਭਾਲਣਾ ਏਂ"।

"ਤੇ ਤੂੰ ਇੱਕੱਲੀ ਜਾਏਂਗੀ ?"

"ਇੱਕੱਲੀ ਕਿਉਂ" ਸੰਤੀ ਨੇ ਉਸ ਵੱਲ ਤੱਕ ਕੇ ਕਿਹਾ -"ਸਤਿਗੁਰੂ ਰਾਮ ਸਿੰਘ ਜੀ ਮੇਰੇ ਨਾਲ ਨੇ।"

"ਪਰ ਏਡੀ ਝੱਟ ਪੱਟ ਤਿਆਰ ਹੋ ਪਈ ਏਂ ਤੂੰ।"

"ਕੰਮ ਜੁ ਇਹੋ ਜਿਹਾ ਏ ਬਿਸ਼ਨੇ ਦੇ ਬਾਪੂ ।ਮੁੰਡਾ ਨਿਆਣਾ ਸਿਆਣਾ ਏ। ਨ ਜਾਣੀਏ ਮੌਤ ਤੋਂ ਡਰ ਜਾਵੇ ਤੇ ਮੇਰੀ ਉਮਰ ਦੀ ਕੀਤੀ ਕਤਰੀ ਉੱਤੇ ਪਾਣੀ ਫੇਰ ਦੇਵੇ ।

ਸੁੱਚਾ ਸਿੰਘ ਫੇਰ ਕੁਝ ਨਹੀਂ ਬੋਲ ਸਕਿਆ ।

ਮਾਘ ਦੀ ਪੰਜਵੀਂ, ਅਰਥਾਤ ਜਨਵਰੀ ਦੀ ਸਤਾਰਵੀਂ ਤਰੀਕ ਦਾ ਸੂਰਜ ਅਸਥ ਹੋ ਰਿਹਾ ਸੀ ।ਅਕਾਸ਼ ਉੱਤੇ ਰੁਮਕ ਰਹੇ ਕਾਲੇ ਬੱਦਲਾਂ ਦੀਆਂ ਕਲੀਆਂ ਉੱਤੇ ਲਹੂ ਰੰਗੀ ਲਾਲੀ ਲਿਸ਼ਕ ਰਹੀ ਸੀ ।ਕਕਰਹਾਲੀ ਹਵਾ ਦਾ ਠੱਕਾ ਵੱਗ ਰਿਹਾ ਸੀ, ਜਿਸ ਤੋਂ ਸਹਿਮ ਕੇ ਪੰਛੀ ਆਪੋ ਆਪਣੇ ਆਲ੍ਹਣਿਆਂ ਵਿੱਚ ਦੁਬਕੇ ਹੋਏ ਸਨ ।

ਇਸ ਵੇਲੇ ਮਲੇਰਕੋਟਲੇ ਦੇ ਕਿਲਾ ਸ਼ੇਰਪੁਰ ਦੇ ਸਦਰ ਦਰਵਾਜੇ ਅੱਗੇ ਖੁੱਲ੍ਹੇ ਮੈਦਾਨ ਵਿੱਚ ਇੱਕ ਖਾਮੋਸ਼ ਜਿਹਾ ਜਨ ਸਮੂਹ ਦਿਖਾਈ ਦੇ ਰਿਹਾ ਸੀ ।ਖਾਕੀ ਵਰਦੀਆਂ ਵਾਲੇ ਗੋਰੇ ਤੇ ਦੇਸੀ ਸਿਪਾਹੀਆਂ ਦੀ ਇੱਕ ਲੰਮੀ ਕਤਾਰ, ਜਿਸਦੇ ਲਾਗੇ ਕੁਝ ਤੋਪਾਂ ਗੱਡੀਆਂ ਹੋਈਆਂ ਜਿਨ੍ਹਾਂ ਦੇ ਕੋਲ ਕਰਕੇ ਸੰਗੀਨੀ ਪਹਿਰਿਆਂ ਵਿੱਚ ਘਿਰੀਆਂ ਹੋਈਆਂ ਪੰਜਾਹ ਦੇ ਲਗਪਗ ਦੈਵੀ ਸੂਰਤਾਂ ।

ਇਸ ਤੋਂ ਜ਼ਰਾ ਹੱਟਵੇਂ ਥਾਂ ਕੁਝ ਸਰਕਾਰੀ ਅਫਸਰ ਕੁਰਸੀਆਂ ਤੇ ਬੈਠੇ ਸਨ, ਸਭਨਾ ਤੋਂ ਅਗਲੀਆਂ ਦੁੰਹ ਕੁਰਸੀਆਂ ਤੇ ਲੁਧਿਆਣੇ ਦਾ ਡਿਪਟੀ ਕਮੀਸ਼ਨਰ ਮਿਸਟਰ 'ਕਾਵਨ'ਤੇ ਉਸਦੀ ਮੇਮ ਡਟੇ ਹੋਏ ਸਨ। ਹਰ ਪਾਸੇ ਸੰਨਾਟਾ ਸੀ, ਕਿਤੋਂ ਕੋਈ ਅਵਾਜ ਨਹੀਂ ਸੁਣਾਈ ਦੇਂਦੀ ।

ਇਸ ਵੇਲੇ ਮੂਹਰਲੇ ਅਫਸਰ (ਕਾਵਨ) ਨੇ ਇਸ਼ਾਰਾ ਕੀਤਾ ਜਿਸਨੂੰ ਸੁਣਦਿਆਂ ਹੀ ਤੋਪਚੀਆਂ ਨੇ ਤੋੜੇ ਸੁਲਘਾ ਲਏ

ਤੇ ਫੇਰ? ਲਾਡਲੇ ਸੂਰਬੀਰਾਂ ਦੀ ਕਤਾਰ ਵਿੱਚੋਂ ਪੰਜ ਪੰਜ ਸਿੰਘ ਨਿਕਲਦੇ, ਇੱਕ ਅਕਾਸ਼ ਕੰਬਾਊ ਜੈਕਾਰੇ ਦੀ ਅਵਾਜ਼ ਗੂੰਜਦੀ, ਤੇ ਫਿਰ ਇਹ ਪੰਜੇ ਪੰਜਾਂ ਤੋਪਾਂ ਦੇ ਮੂੰਹਾਂ ਅੱਗੇ ਆਕੇ ਡਟ ਜਾਂਦੇ। ਤੋਪਚੀਆਂ ਦੇ ਹੱਥਾਂ ਵਿੱਚ ਹਰਕਤ ਆਉਂਦੀ, ਤੇ ਇੱਕ ਵਾਰਗੀ ਪੰਜਾਂ ਤੋਪਾਂ ਚੋਂ ਠਾਹ ਦਾ ਸ਼ੋਰ ਉੱਠਦਾ, ਜਿਸ ਨਾਲ ਪੰਜੇ ਸਰਦਾਰ ਪੁਰਜਾ ਪੁਰਜਾ ਹੋ ਕੇ ਉੱਡ ਜਾਂਦੇ ।

ਲਗਾਤਾਰ ਇਹ ਸਿਲਸਲਾ ਚੱਲਦਾ ਹੋਇਆ ਜਦੋਂ ਛੇਕੜਲੇ ਪਾਂਜੇ ਤੇ ਪੁੱਜਾ ਤਾਂ ਵੱਡੇ ਅਫਸਰ ਦੀ ਮੇਮ ਨੇ ਆਪਣੇ ਪਤੀ ਦਾ ਮੋਢਾ ਟੁੰਬਦਿਆਂ ਤਰਲਾ ਕੀਤਾ- "ਡੀਅਰ ਕਾਵਨ, ਮੇਹਰਬਾਨੀ ਕਰਕੇ ਦੋ ਮਿੰਟਾਂ ਲਈ ਰੁਕੋ"।ਕਾਵਨ ਨੇ ਇਸ਼ਾਰਾ ਕੀਤਾ, ਜਿਸਦੇ ਫਲਸਰੂਪ ਛੇਕੜਲੇ ਪਾਂਜੇ ਨੂੰ ਤੋਪਾਂ ਵੱਲ ਜਾਣ ਤੋਂ ਰੋਕ ਦਿੱਤਾ ਗਿਆ ।

ਮੇਮ ਨੇ ਇੱਕ ਵਾਰੀ ਫੇਰ ਛਲਕਦੀਆਂ ਅੱਖਾਂ ਨਾਲ ਓਹਨਾਂ ਪੰਜਾਂ ਵੱਲ ਤੱਕਦਿਆਂ ਪਤੀ ਨੂੰ ਕਿਹਾ - "ਮਾਈਡੀਅਰ, ਅਹੁ ਛੋਟਾ ਬੱਚਾ ਓਫ! ਨੰਨ੍ਹਾ ਜਿਹਾ, ਸਾਡੇ ਐਮਰਸਨ ਦੀ ਉਮਰ ਦਾ ਹੋਵੇਗਾ ਮੱਸੇ। ਭਲਾ ਡੀਅਰ ਏਡੇ ਨਿੱਕੇ ਜਿਹੇ ਬਾਲ ਨੇ ਕੀ ਜ਼ੁਰਮ ਕਰਨਾ ਸੀ, ਕੀ ਤੁਸੀਂ ਇਸ ਨੂੰ ਮਾਫੀ ਨਹੀਂ ਦੇ ਸਕਦੇ ਪਿਆਰੇ ਕਾਵਨ ?"

ਕਾਵਨ ਨੇ ਵੀ ਓਹਨਾਂ ਪੰਜਾਂ ਵਿੱਚ ਉਸ ਬਾਰ੍ਹਾਂ ਸਾਲ ਦੇ ਬੱਚੇ ਨੂੰ ਗਹੁ ਨਾਲ ਤੱਕਿਆ ਥੋੜਾ ਚਿਰ ਖਾਮੋਸ਼ ਰਹਿਕੇ ਮੇਮ ਨੂੰ ਕਹਿਣ ਲੱਗਾ-"ਹੋ ਸਕਦਾ ਹੈ ਡਾਰਲਿੰਗ ਤੇਰਾ ਖਿਆਲ ਠੀਕ ਹੋਵੇ, ਪਰ...

ਮੇਮ ਨੇ ਟੋਕਿਆ-"ਪਰ ਨਹੀਂ ਡੀਅਰ ਇਹ ਜਰੂਰ ਬੇ-ਗੁਨਾਹ ਹੋਵੇਗਾ ।ਤੁਸੀਂ ਉਸਦੀ ਮਾਸੂਮ ਜਿਹੀ ਸ਼ਕਲ ਤੋਂ ਨਹੀਂ ਵੇਖਦੇ? ਕੀ ਸਾਡਾ ਐਮਰਸਨ, ਜੋ ਇਡਾ ਜਿਹਾ ਹੈ, ਤੁਸੀਂ ਮੰਨ ਸਕਦੇ ਹੋ ਕਿ ਖੂਨ ਕਰੇਗਾ ?"

ਪਰ ਕਾਵਨ ਬੋਲਿਆ-"ਮੈਨੂੰ ਅਫਸੋਸ ਹੈ ਕਿ ਕਾਨੂੰਨ ਦਾ ਫੈਸਲਾ ਤੋੜਿਆ ਨਹੀਂ ਜਾ ਸਕਦਾ"

"ਮੰਨਦੀ ਹਾਂ ਡੀਅਰ, ਪਰ ਤੁਸੀਂ ਇੱਕ ਵਾਰੀ ਪੁੱਛੋ ਤਾਂ ਸਹੀ ਸੱਦਕੇ। ਜੇ ਸਾਬਤ ਹੋ ਜਾਵੇ ਕੇ ਉਸ ਨੇ ਖੂਨ ਖਰਾਬੇ ਵਿੱਚ ਕੋਈ ਹਿੱਸਾ ਨਹੀਂ ਲਿਆ ਤਾਂ ਮੈਂ ਉਸਦੀ ਜਾਨ ਬਖਸ਼ੀ ਲਈ ਵਾਸਤਾ ਪਾਉਂਦੀ ਹਾਂ। ਅਹ! ਕੇਡਾ ਭੋਲਾ ਭਾਲਾ ਬਿਲਕੁਲ ਸਾਡੇ ਐਮਰਸਨ ਵਰਗਾ"।

ਕਾਵਨ ਬੋਲਿਆ-ਖੂਨੀ ਹੋਣ ਜਾਂ ਨਾ ਹੋਣ ਦਾ ਸਵਾਲ ਨਹੀਂ ਡਾਰਲਿੰਗ। ਸਵਾਲ ਹੈ ਬਾਗੀ ਜਮਾਤ ਦਾ ਇੱਕ ਮੈਂਬਰ ਹੋਣ ਦਾ। ਅਲਬੱਤਾ ਉਹ ਮੁੰਡਾ ਕਿਹ ਦੇਵੇ ਕਿ ਉਸਦਾ ਬਾਗੀ ਜਮਾਤ ਨਾਲ ਕੋਈ ਵਾਸਤਾ ਨਹੀਂ ਤਾਂ ਸ਼ਾਇਦ ਮੈਂ ਉਸਨੂੰ ਛੱਡ ਸਕਾਂ ।

ਮੇਮ ਦੇ ਚਿਹਰੇ ਉੱਤੇ ਖੁਸ਼ੀ ਦੀ ਲਹਿਰ ਦੌੜ ਗਈ- "ਹੱਛਾ ਡੀਅਰ, ਤੁਸੀਂ ਉਸਨੂੰ ਸੱਦਕੇ ਪੁੱਛੋ ਤਾਂ ਸਹੀ।"

ਸਾਹਬ ਨੇ ਜੇਲ ਅਫਸਰ ਨੂੰ ਇਸ਼ਾਰਾ ਕਰਕੇ ਪੰਜਾਂ ਕੈਦੀਆਂ ਵਿੱਚੋਂ ਉਸ ਸਭ ਤੋਂ ਛੋਟੇ ਨੂੰ ਕੋਲ ਸਦਵਾ ਲਿਆ। ਮੁੰਡਾ ਪੂਰੀ ਨਿਰਭੈਤਾ ਨਾਲ ਸਾਹਬ ਤੇ ਮੇਮ ਦੇ ਸਾਹਮਣੇ ਆ ਖੜੋਤਾ ।ਸਾਹਬ ਦੀ ਮੇਮ ਨਾਲ ਉਸ ਦੀਆਂ ਗੱਲਾਂ ਸ਼ੁਰੂ ਹੋਈਆਂ ।

"ਵੈਲ, ਛੋਕਰਾ, ਤੁਮਰਾ ਨਾਮ ਕਿਆ ਹੈ"?

"ਮੇਰਾ ਨਾਮ ਜੀ ਬਿਸ਼ਨ ਸਿੰਘ।"

"ਤੁਮ ਨੇ ਕੋਈ ਖੂਨ ਕੀਆ"।

"ਨਹੀਂ ਮੇਮ ਸਾਹਬ, ਮੈਂ ਇੱਕ ਬੁੱਚੜ ਨੂੰ ਫੜਿਆ ਤਾਂ ਸੀ ਪਰ ਉਹ ਬਚ ਕੇ ਨੱਠ ਗਿਆ।"

"ਓ, ਤਬ ਤੋ ਤੁਮ ਬੇ-ਗੁਨਾਹ ਹੋ।"

"ਗੁਨਾਹ? ਕੈਸਾ ਗੁਨਾਹ, ਮੇਮ ਸਾਹਬ? ਕੀ ਗਊਆਂ ਦੇ ਕਾਤਲ ਨੂੰ ਮਾਰਨਾ ਗੁਨਾਹ ਹੈ?"

ਜਵਾਬ ਸੁਣ ਕੇ ਮੇਮ ਹੱਕੀ ਬੱਕੀ ਰਹਿ ਗਈ। ਇਚਰ ਤੱਕ ਸਾਹਬ ਬੋਲ ਉੱਠਿਆ। "ਵੈਲ ਬਿਸ਼ਨ ਸਿੰਘ। ਦੇਖੋ, ਤੁਮ ਅਬੀ ਬਹੁਤ ਛੋਟਾ ਹੈ। ਅਗਰ ਤੁਮ ਬੋਲ ਦੋ ਕਿ ਤੁਮ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ ਤੋ ਹਮ ਤੁਮਕੋ ਮਾਫੀ ਦੇਗਾ।"

ਸਾਹਬ ਦੀ ਗੱਲ ਸੁਣ ਕੇ ਭੁਜੰਗੀ ਸਗੋਂ ਬਾਰੂਦ ਦਾ ਪਤੀਲਾ ਬਣ ਗਿਆ ।ਉਸਦਾ ਅੰਗ ਅੰਗ ਗੁੱਸੇ ਨਾਲ ਤਪ ਉੱਠਿਆ। ਉਸ ਦੀਆਂ ਨਾੜਾਂ ਵਿੱਚ ਚੱਲਦੇ ਲਹੂ ਵਿੱਚ ਕਹਿਰਾਂ ਦੀ ਤੇਜੀ ਆ ਗਈ। ਬਿਸ਼ਨ ਸਿੰਘ ਦਾ ਆਪਾ ਬੇਕਾਬੂ ਹੋ ਗਿਆ।

"ਕੀ ਕਿਹਾ ਈ ਓ ਫਿਰੰਗੀਆ-ਕੀ ਕਿਹਾ ਈ ਫੇਰ ਕਹੁ ਖਾਂ ਇਕ ਵਾਰੀ!" ਤੇ ਬੋਲਦਿਆਂ ਬੋਲਦਿਆਂ ਉਸਦੇ ਦੋਵੇਂ ਹੱਥਾਂ ਨੇ ਸਾਹਬ ਦੀ ਦਾਹੜੀ ਨੂੰ ਇੰਜ ਕੱਸ ਕੇ ਫੜ ਲਿਆ ਜਿਵੇਂ ਕਿਸੇ ਨੇ ਸ਼ਿਕੰਜੇ ਵਿੱਚ ਦੇ ਦਿੱਤਾ ਹੋਵੇ ।

ਇੱਕ ਦਮ ਹਫੜਾ ਦਫੜੀ ਮੱਚ ਗਈ ਜਦ ਵੱਡੇ ਸਾਹਬ ਦੀ ਦਾਹੜੀ ਇੱਕ ਬਾਗੀ ਬੱਚੇ ਦੇ ਹੱਥ ਵਿੱਚ ਵੇਖੀ ਗਈ।ਇੱਕ ਦਮ ਪੰਜ ਸੱਤ ਨੰਗੀਆਂ ਤਲਵਾਰਾਂ ਬਿਸ਼ਨ ਸਿੰਘ ਵੱਲ ਲਪਕੀਆਂ ਪਰ ਬਿਸ਼ਨ ਸਿੰਘ ਦੇ ਹੱਥਾਂ ਚੋਂ ਸਾਹਬ ਦੀ ਦਾਹੜੀ ਤੱਦ ਤੀਕ ਨਾ ਛੁੱਟੀ ਜਦ ਤੀਕ ਇਨ੍ਹਾਂ ਨੂੰ ਬਾਹਾਂ ਨਾਲੋਂ ਅੱਡ ਨਾ ਕਰ ਦਿੱਤਾ ਗਿਆ।

ਪਲ ਦੀ ਪਲ ਵਿੱਚ ਬਿਸ਼ਨ ਸਿੰਘ ਦੀ ਲੋਥ ਟੁਕੜੇ-ਟੁਕੜੇ ਹੋ ਕੇ ਜਾ ਪਈ ਬਿਸ਼ਨ ਸਿੰਘ ਦੀ ਰੂਹ ਅਮਰ ਪਦਵੀ ਪ੍ਰਾਪਤ ਕਰ ਚੁੱਕੀ ਸੀ ।

-------------

# ਗਦਰੀਆਂ ਪ੍ਰਤੀ ਲਾਲਾ ਹਰਦਿਆਲ ਦਾ ਰਵੱਈਆ

- ਡਾ. ਗੁਰਦੇਵ ਸਿੰਘ ਸਿੱਧੂ

ਗਦਰ ਲਹਿਰ ਦੇ ਇਤਿਹਾਸ ਬਾਰੇ ਥੋੜੀ ਕੁ ਜਾਣਕਾਰੀ ਰੱਖਣ ਵਾਲਾ ਹਰ ਵਿਅਕਤੀ ਇਸ ਲਹਿਰ ਦੀ ਉਸਾਰੀ ਵਿਚ ਲਾਲਾ ਹਰਦਿਆਲ ਵੱਲੋਂ ਪਾਏ ਮਹੱਤਵਪੂਰਨ ਯੋਗਦਾਨ ਬਾਰੇ ਭਲੀ ਭਾਂਤ ਜਾਣਦਾ ਹੈ। ਇਸ ਕਥਨ ਵਿਚ ਕੋਈ ਅਤਿਕਥਨੀ ਨਹੀਂ ਕਿ ਲਾਲਾ ਹਰਦਿਆਲ ਨੇ ਅਮਰੀਕਾ ਵਿਚ ਗਏ ਹਿੰਦੁਸਤਾਨੀਆਂ, ਜਿਨ੍ਹਾਂ ਵਿਚ ਬਹੁਤ ਵੱਡੀ ਗਿਣਤੀ ਪੰਜਾਬੀ ਸਿੱਖਾਂ ਦੀ ਸੀ, ਦੇ ਮਨਾਂ ਵਿਚ ਪ੍ਰਜਵਲਤ ਹੋ ਰਹੀਆਂ ਅੰਗਰੇਜ਼ ਵਿਰੋਧੀ ਚਿੰਗਾਰੀਆਂ ਨੂੰ ਇਕ ਸੰਗਠਨ ਵਿਚ ਪਰੋ ਕੇ ਇਹਨਾਂ ਨੂੰ ਇਕ ਭਾਂਬੜ ਦਾ ਰੂਪ ਦੇ ਦਿੱਤਾ। ਇਸ ਪੱਖ ਤੋਂ ਗਦਰ ਲਹਿਰ ਵਿਚ ਲਾਲਾ ਹਰਦਿਆਲ ਦੇ ਸਹਿਕਰਮੀ ਦੇਸ਼ ਭਗਤਾਂ ਨੇ ਮੁਕਤ ਕੰਠ ਨਾਲ ਲਾਲਾ ਹਰਦਿਆਲ ਦੀ ਸ਼ਲਾਘਾ ਕੀਤੀ ਹੈ। ਬਾਬਾ ਸੋਹਨ ਸਿੰਘ ਭਕਨਾ ਆਪਣੀ ਜੀਵਨੀ "ਜੀਵਨ ਸੰਗਰਾਮ" ਵਿਚ ਲਿਖਦੇ ਹਨ, "ਲਾਲਾ ਹਰਦਿਆਲ ਦਾ ਸਾਢੇ ਪੰਜ ਮਹੀਨੇ ਦਾ ਅਖਬਾਰ ਸੰਬੰਧੀ ਤੇ ਦਫਤਰੀ ਕੰਮ ਗਦਰ ਪਾਰਟੀ ਦੇ ਇਤਿਹਾਸ ਵਿਚ ਹਮੇਸ਼ਾ ਜਿੰਦਾ ਰਹੇਗਾ।" ਇਉਂ ਹੀ ਭਾਈ ਹਰਜਾਪ ਸਿੰਘ ਆਪਣੀ ਡਾਇਰੀ ਵਿਚ ਲਿਖਦੇ ਹਨ, "ਆਪ (ਲਾਲਾ ਹਰਦਿਆਲ) ਹੀ ਅਸਲ ਵਿਚ ਪਾਰਟੀ ਦਾ ਦਿਮਾਗ ਸਨ।"

ਗਦਰ ਲਹਿਰ ਦੇ ਇਤਿਹਾਸਕਾਰ ਵੀ ਲਾਲਾ ਹਰਦਿਆਲ ਦੇ ਅਜਿਹੇ ਯੋਗਦਾਨ ਨੂੰ ਪ੍ਰਵਾਨ ਕਰਦੇ ਹਨ। "ਗਦਰ ਪਾਰਟੀ ਲਹਿਰ" ਦੇ ਕਰਤਾ ਜਗਜੀਤ ਸਿੰਘ ਅਨੁਸਾਰ "ਹਰਦਿਆਲ ਨੇ ਅਤਿ ਸੰਘਣੇ ਹੋ ਚੁੱਕੇ ਘੋਲ ਦਾ ਰਵਾ ਤਿਆਰ ਕਰਨ ਵਿਚ ਤੇਜ਼ੀ ਲਿਆਉਣ ਦੇ ਕੇਂਦਰ-ਬਿੰਦੂ ਦਾ ਕੰਮ ਕੀਤਾ।"

ਫਰਵਰੀ 1911 ਵਿਚ ਅਮਰੀਕਾ ਆਉਣ ਤੋਂ ਪਹਿਲਾਂ ਲਾਲਾ ਹਰਦਿਆਲ ਫਰਾਂਸ ਵਿਚ ਸੀ ਜਿੱਥੋਂ ਉਹ ਤਪੱਸਿਆ ਕਰਨ ਲਈ ਅਲਜੇਰੀਆ ਗਿਆ ਪਰ ਉੱਥੋਂ ਦੇ ਮਾਹੌਲ ਦੀ ਬੇਪਸਿੰਦਗੀ ਕਾਰਨ ਫਰਾਂਸ ਵਾਪਸ ਆ ਕੇ ਇਸ ਮੰਤਵ ਵਾਸਤੇ ਵੈਸਟ ਇੰਡੀਜ਼ ਦੇ ਇਕ ਟਾਪੂ ਮਾਰਟਨੀਕ ਵਿਚ ਪਹੁੰਚ ਗਿਆ। ਅਮਰੀਕਾ ਵਿਚ ਪੁਰਾਤਨ ਭਾਰਤੀ ਸੱਭਿਅਤਾ ਦਾ ਪਰਚਾਰ ਕਰਨ ਦੇ ਮਨੋਰਥ ਨਾਲ ਉਹ ਪਹਿਲਾਂ ਹਾਰਵਰਡ ਪਹੁੰਚਾ ਪਰ ਉੱਥੋਂ ਦਾ ਪੌਣ ਪਾਣੀ ਮੁਆਫਿਕ ਨਾ ਆਉਣ ਕਾਰਨ ਕੈਲੇਫੋਰਨੀਆ ਆ ਗਿਆ। ਉਸ ਦੇ ਮਨ ਵਿਚ ਇਕ ਵਾਰ ਫਿਰ ਤੱਪਸਿਆ ਕਰਨ ਦਾ ਹੌਲ ਉੱਠਿਆ ਤਾਂ ਉਸ ਨੇ ਕੁੱਝ ਦੇਰ ਹੋਨੋਲੂਲੂ ਜਾ ਡੇਰੇ ਲਾਏ, ਜਿੱਥੋਂ ਉਹ ਸਤੰਬਰ 1911 ਵਿਚ ਅਧਿਆਤਮਿਕ ਸੋਚ ਵਿਚ ਗੜੁੱਚ ਹੋ ਕੇ ਮੁੜਨ ਦੀ ਥਾਂ ਅਨਾਰਕਿਸਟ ਵਿਚਾਰਾਂ ਦਾ ਧਾਰਨੀ ਬਣ ਕੇ ਪਰਤਿਆ। ਜਨਵਰੀ 1912 ਤੋਂ ਸਤੰਬਰ 1912 ਤੱਕ ਉਸ ਨੇ ਬਰਕਲੇ, ਕੈਲੇਫੋਰਨੀਆ ਯੂਨੀਵਰਸਿਟੀ, ਵਿਚ ਫਿਲਾਸਫੀ ਦੇ ਲੈਕਚਰਾਰ ਵਜੋਂ ਕੰਮ ਕੀਤਾ। ਇਸ ਵੇਲੇ ਤੱਕ ਲਾਲਾ ਹਰਦਿਆਲ ਦੀ ਰਾਜਨੀਤਿਕ ਸੋਚ ਵਿਚ ਭਾਰਤ ਨੂੰ ਸਾਮਰਾਜੀ ਗੁਲਾਮੀ ਤੋਂ ਮੁਕਤ ਕਰਵਾਉਣ ਦਾ ਵਿਚਾਰ ਕਿੰਨਾ ਕੁ ਹਾਵੀ ਸੀ, ਇਸ ਦਾ ਖੁਲਾਸਾ ਕਰਦਿਆਂ ਸ. ਜਗਜੀਤ ਸਿੰਘ ਨੇ "ਗਦਰ ਪਾਰਟੀ ਲਹਿਰ" ਵਿਚ ਲਿਖਿਆ ਹੈ ਕਿ "ਰੌਲਟ ਰੀਪੋਰਟ ਜਾਂ ਕਿਸੇ ਹੋਰ ਲਿਖਤ ਤੋਂ ਅਜੇ ਤੱਕ ਇਹ ਸਾਬਤ ਨਹੀਂ ਹੋ ਸਕਿਆ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਲਾਲਾ ਹਰਦਿਆਲ ਨੇ ਫੌਜੀ ਜਾਂ ਜਨਤਕ ਹਥਿਆਰਬੰਦ ਬਗਾਵਤ ਰਾਹੀਂ ਹਿੰਦ ਨੂੰ ਆਜ਼ਾਦ ਕਰਾਉਣ ਦੀ ਕੋਈ ਅਮਲੀ ਪਲੈਨ ਜਾਂ ਸਕੀਮ ਬਣਾਈ।" ਗਦਰ ਲਹਿਰ: ਵਿਚਾਰਧਾਰਾ ਜਥੇਬੰਦੀ ਰਣਨੀਤੀ" ਦੇ ਲੇਖਕ ਡਾ. ਹਰੀਸ਼ ਕੇ ਪੁਰੀ ਦਾ ਵੀ ਕਹਿਣਾ ਹੈ ਕਿ "ਭਾਵੇਂ (ਅਮਰੀਕਾ ਵਿਚ ਬਿਤਾਇਆ) ਇਹ ਸਾਰਾ ਸਮਾਂ ਉਹ ਆਪਣੇ ਲੈਕਚਰਾਂ ਵਿਚ ਭਾਰਤੀ ਰਾਜਨੀਤਿਕ ਮਸਲੇ ਵੱਲ ਸੰਕੇਤ ਕਰਦਾ ਰਿਹਾ ਅਤੇ ਬਰਕਲੇ ਵਿਖੇ ਭਾਰਤੀ ਵਿਦਿਆਰਥੀਆਂ ਨਾਲ ਉਸ ਨੇ ਸਰਗਰਮ ਸੰਪਰਕ ਕਾਇਮ ਰੱਖਿਆ, ਪਰ ਉਹ ਭਾਰਤ ਦੀ ਆਜ਼ਾਦੀ ਲਈ ਕਿਸੇ ਵੀ ਜਥੇਬੰਦਕ ਸਰਗਰਮੀ ਵਿਚ ਸਿੱਧੀ ਤਰ੍ਹਾਂ ਸ਼ਾਮਲ ਨਹੀਂ ਸੀ।"

ਲਾਲਾ ਹਰਦਿਆਲ ਦਾ ਅਮਰੀਕਾ ਵਿਚਲੇ ਗਦਰੀ ਪੰਜਾਬੀਆਂ ਨਾਲ ਮੇਲ ਮਾਰਚ 1913 ਵਿਚ ਹੋਇਆ। "ਜੀਵਨ ਸੰਗਰਾਮ" ਵਿਚ ਬਾਬਾ ਸੋਹਨ ਸਿੰਘ ਭਕਨਾ ਦੇ ਦੱਸਣ ਅਨੁਸਾਰ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਿਫਿਕ ਕੋਸਟ" ਦਾ ਸਕੱਤਰ ਜੀ. ਡੀ. ਕੁਮਾਰ ਗੰਭੀਰ ਬੀਮਾਰ ਹੋ ਗਿਆ ਤਾਂ ਐਸੋਸੀਏਸ਼ਨ ਨੇ ਉਸ ਦੀ ਥਾਂ ਪੂਰ ਕਰਨ ਲਈ ਲਾਲਾ ਹਰਦਿਆਲ ਨੂੰ ਬੇਨਤੀ ਕੀਤੀ। ਲਾਲਾ

ਹਰਦਿਆਲ ਨੇ ਦਸੰਬਰ ਦੇ ਆਖਰੀ ਹਫਤੇ ਆਉਣ ਦੀ ਸੂਚਨਾ ਦਿੱਤੀ ਪਰ "ਫਿਰ ਦੂਸਰੀ ਚਿੱਠੀ ਵਿਚ ਲਿਖ ਭੇਜਿਆ ਕਿ ਉਹ ਜ਼ਰੂਰੀ ਕੰਮ ਦੀ ਵਜ੍ਹਾ ਕਰ ਕੇ ਦਸੰਬਰ ਵਿਚ ਨਹੀਂ ਆ ਸਕਣਗੇ। ਹੋ ਸਕਦਾ ਹੈ ਕਿ ਮਾਰਚ 1913 ਵਿਚ ਆ ਸਕਣ। ਮਾਰਚ 1913 ਦੇ ਦੂਜੇ ਹਫਤੇ ਉਹ ਭਾਈ ਪਰਮਾ ਨੰਦ ਦੇ ਨਾਲ ਆਏ।"

ਭਾਵੇਂ ਲਾਲਾ ਹਰਦਿਆਲ ਵੱਲੋਂ ਪੰਜਾਬੀ ਇਨਕਲਾਬੀਆਂ ਦੀ ਦਸੰਬਰ 1912 ਨੂੰ ਹੋਣ ਵਾਲੀ ਮੀਟਿੰਗ ਵਿਚ ਨਾ ਆਉਣ ਦਾ ਕੋਈ ਕਾਰਨ ਨਹੀਂ ਸੀ ਦੱਸਿਆ ਗਿਆ ਪਰ ਅਨੁਮਾਨ ਲੱਗਦਾ ਹੈ ਕਿ ਉਹ ਕਿਸੇ ਰਾਜਨੀਤਿਕ ਕਾਰਵਾਈ ਵਿਚ ਭਾਗ ਲੈਣ ਤੋਂ ਪਹਿਲਾਂ ਕਿਵੇਂ ਨਾ ਕਿਵੇਂ ਅਮਰੀਕਾ ਵਿਚ ਤਿੰਨ ਸਾਲ ਦੀ ਠਹਿਰ ਵਾਲੀ ਸ਼ਰਤ ਪੂਰੀ ਕਰ ਲੈਣੀ ਚਾਹੁੰਦਾ ਸੀ। ਇਸ ਤੋਂ ਪਹਿਲਾਂ ਦਸੰਬਰ 1911 ਦੌਰਾਨ ਭਾਈ ਜਵਾਲਾ ਸਿੰਘ, ਭਾਈ ਵਿਸਾਖਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਟਾਕਟਨ ਵਿਚ ਬੁਲਾਈ ਇਕੱਤਰਤਾ ਵਿਚ ਵੀ ਲਾਲਾ ਹਰਦਿਆਲ ਸ਼ਾਮਲ ਤਾਂ ਹੋਇਆ ਸੀ ਪਰ ਅੱਗੇ ਨਹੀਂ ਸੀ ਆਇਆ। ਇਸ ਬਾਰੇ ਬਾਬਾ ਵਿਸਾਖਾ ਸਿੰਘ ਨੇ ਆਪਣੀ ਆਤਮ ਕਥਾ ਵਿਚ ਇਉਂ ਲਿਖਿਆ ਹੈ:

ਦਿਨ ਦੂਸਰੇ ਪੈਹਰ ਕੁ ਰਾਤ ਰਹਿੰਦੀ,
ਸੁੱਤੇ ਵੀਰਾਂ ਨੂੰ ਅਸੀਂ ਜਗਾਇਆ ਜੀ।
ਕੀਰਤਨ ਹੋਇਆ ਫਿਰ ਬਹੁਤ ਪ੍ਰੇਮ ਸੇ ਜੀ,
ਅੰਮ੍ਰਿਤ ਸਿੰਘਾਂ ਨੂੰ ਫੇਰ ਛਕਾਇਆ ਜੀ।
ਅਸਾਂ ਆਖਿਆ ਨਿੱਤਰੋ ਵੀਰ ਮੇਰੇ,
ਸਾਨੂੰ ਆਪ ਕਰਤਾਰ ਭਵਾਇਆ ਜੀ।
ਆਵੋ ਰਲ ਕੇ ਮੁਲਕ ਦੀ ਸੇਵ ਕਰੀਏ,
ਭਾਰਤ ਵਰਸ਼ ਨੂੰ ਬਹੁਤ ਦਬਾਇਆ ਜੀ।
ਅੱਗੇ ਤੁਸਾਂ ਦੇ ਕੀ ਫਰੰਗੜੇ ਨੇ,
ਤੁਸਾਂ ਆਪਣਾ ਫਰਜ਼ ਭੇਲਾਇਆ ਜੀ।
ਏਨੇ ਬਚਨ ਜਾਂ ਕੀਤੇ ਸੀ ਅਸਾਂ ਵੀਰੋ,
ਸਿੰਘਾਂ ਸੋਹਣਾ ਜੈਕਾਰਾ ਬੁਲਾਇਆ ਜੀ।
ਹਰਦਿਆਲ ਤੇ ਪਰਮਾ ਸੀ ਨੰਦ ਭਾਈ,
ਏਹਨਾਂ ਉਠ ਕੇ ਹਾਲ ਸੁਣਾਇਆ ਜੀ।
ਅਸਾਂ ਆਖਿਆ ਹਰਦਿਆਲ ਤਾਈਂ,
ਕਰੀਏ ਕੰਮ ਤੇ ਆਖ ਸਮਝਾਇਆ ਜੀ।
ਮੈਨੂੰ ਆਏ ਨੂੰ ਤਿੰਨ ਨਾ ਸਾਲ ਹੋਏ,
ਏਸ ਕਰ ਕੇ ਵਿਚ ਨਾ ਆਇਆ ਜੀ।

ਇਸ ਨੁਕਤੇ ਦੀ ਵਿਆਖਿਆ ਪਦਨੋਟ ਵਿਚ ਇਉਂ ਕੀਤੀ ਹੈ:

ਲਾਲਾ ਹਰਦਿਆਲ ਕਹਿਣ ਲੱਗਾ, "ਖਿਆਲ ਮੇਰਾ ਆਪ ਦੇ ਸਾਥ ਹੈ ਮਗਰ ਕੰਮ ਅਜੇ ਮੈਂ ਨਹੀਂ ਕਰ ਸਕਦਾ ਕਿਉਂ ਕਿ ਤਿੰਨ ਸਾਲ ਮੈਨੂੰ ਆਏ ਨੂੰ ਅਜੇ ਨਹੀਂ ਹੋਏ, ਜਿਸ ਨੂੰ ਤਿੰਨ ਸਾਲ ਨਾ ਹੋਏ ਹੋਣ ਉਸ ਨੂੰ ਪਕੜ ਲੈਂਦੇ ਹਨ।"

ਲਾਲਾ ਹਰਦਿਆਲ 21 ਅਪ੍ਰੈਲ 1913 ਨੂੰ ਆਸਟੋਰੀਆ ਵਿਚ ਹੋਈ ਮੀਟਿੰਗ ਵਿਚ ਸ਼ਾਮਲ ਹੋਇਆ। ਉਸ ਨੇ ਹਿੰਦੁਸਤਾਨ ਦੀ ਸਾਮਰਾਜੀ ਗੁਲਾਮੀ ਤੋਂ ਹਥਿਆਰਬੰਦ ਸੰਘਰਸ਼ ਦੁਆਰਾ ਆਜ਼ਾਦੀ ਦੀ ਗੱਲ ਇਸ ਮੀਟਿੰਗ ਵਿਚ ਕੀਤੀ। ਮੀਟਿੰਗ ਵਿਚ ਉਸ ਵੱਲੋਂ ਕੀਤੀਆਂ ਗੱਲਾਂ ਸਰੋਤਿਆਂ ਨੂੰ ਭਾਅ ਗਈਆਂ। ਸਰੋਤਿਆਂ ਨੂੰ ਸਪਸ਼ਟ ਹੋ ਗਿਆ ਕਿ 1857 ਦੇ ਗਦਰ ਦੀ ਤਰਜ਼ ਉੱਤੇ ਹਥਿਆਰਬੰਦ ਗਦਰ ਕਰ ਕੇ ਹੀ ਮਾਤ ਭੂਮੀ ਦੇ ਗਲੋਂ ਸਾਮਰਾਜੀ ਅੰਗਰੇਜ਼ ਸਰਕਾਰ ਦੀ ਪੰਜਾਲੀ ਉਤਰਨੀ ਹੈ ਅਤੇ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਸ ਨਿਰਣੇ ਉੱਤੇ ਪੁੱਜਣ ਲਈ ਲਾਲਾ ਹਰਦਿਆਲ ਦੀ ਸੋਚ ਭਾਰੂ ਰਹੀ ਹੋਵੇਗੀ। ਭਾਵੇਂ ਭਾਈ ਪਰਮਾ ਨੰਦ ਨੇ ਲਾਲਾ ਹਰਦਿਆਲ ਦੇ 'ਬੇਪੈਂਦੇ ਲੋਟੇ' ਜਿਹੇ ਸੁਭਾਅ ਬਾਰੇ ਗਦਰੀ ਆਗੂਆਂ ਨੂੰ ਜਾਣਕਾਰੀ ਦੇ ਦਿੱਤੀ ਸੀ ਪਰ ਉਹਨਾਂ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। (ਬਾਬਾ ਸੋਹਨ ਸਿੰਘ ਭਕਨਾ ਨੇ ਭਾਈ ਪਰਮਾ ਨੰਦ ਵੱਲੋਂ ਦਿੱਤੀ ਜਾਣਕਾਰੀ ਨੂੰ ਯਾਦ ਕਰਦਿਆਂ ਆਪਣੀ "ਰਾਮ ਕਹਾਣੀ" ਵਿਚ ਲਿਖਿਆ ਹੈ, "ਭਾਈ ਪਰਮਾ ਨੰਦ ਦੀ ਇਕ ਗੱਲ ਮੈਨੂੰ ਯਾਦ ਏ। ਜਦੋਂ ਭਾਈ ਪਰਮਾ ਨੰਦ, ਲਾਲਾ ਹਰਦਿਆਲ, ਮੈਂ ਤੇ ਭਾਈ ਕਾਂਸ਼ੀ ਰਾਮ ਇਕ ਕਮਰੇ ਵਿਚ ਬੈਠੇ ਗੱਲਾਂ ਬਾਤਾਂ ਕਰ ਰਹੇ ਸਾਂ ਤਾਂ ਭਾ: ਪਰਮਾ ਨੰਦ ਨੇ ਭਾਈ ਹਰਦਿਆਲ ਦੇ ਮੂੰਹ ਪੁਰ ਹੀ ਸਾਨੂੰ ਆਖ ਦਿੱਤਾ ਸੀ ਕਿ "ਭਾਈ ਜੀ, ਉਂਞ ਤਾਂ ਲਾਲਾ ਹਰਦਿਆਲ ਦੀ ਯੋਗਤਾ ਵਿਚ ਕੋਈ ਸ਼ੱਕ ਨਹੀਂ ਹੈ ਪਰ ਏਨ੍ਹਾਂ ਦੇ ਭਰੋਸੇ ਕੋਈ ਕੰਮ ਚਲੌਣਾ ਮੇਰੀ ਜਾਚੇ ਮੁਸ਼ਕਲ ਹੈ ਕਿਉਂ ਜੋ ਇਹਨਾਂ ਦਾ ਪਤਾ ਨਹੀਂ ਕਦੋਂ ਕੰਮ ਛੱਡ ਕੇ ਫਰੰਟ ਹੋ ਜਾਣ।" ਫਿਰ ਵੀ ਗਦਰੀਆਂ ਨੇ ਇਸ ਦਿਨ ਤੋਂ ਉਸ ਨੂੰ ਪਾਰਟੀ ਦਾ ਨੇਤਾ ਮੰਨਦਿਆਂ ਜਥੇਬੰਦੀ ਵਿਚ ਸਕੱਤਰ ਦਾ ਪਦ ਹੀ ਨਹੀਂ ਦਿੱਤਾ ਗਿਆ, ਉਸ ਨੂੰ ਜਥੇਬੰਦੀ ਦਾ ਬੁਲਾਰਾ ਸਪਤਾਹਿਕ ਅਖਬਾਰ 'ਗਦਰ' ਸ਼ੁਰੂ ਕਰਨ ਅਤੇ ਚਲਾਉਣ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ। ਲਾਲਾ ਹਰਦਿਆਲ ਦੀ ਇਸ ਨੀਤੀ ਪ੍ਰਤੀ ਪ੍ਰਤੀਬੱਧਤਾ ਦੀ ਪੁਸ਼ਟੀ ਇੱਥੋਂ ਵੀ ਹੁੰਦੀ ਹੈ ਕਿ ਉਸ ਦੀ ਅਗਵਾਈ ਵਿਚ ਅਤੇ ਨਿਗਰਾਨੀ ਹੇਠ ਪ੍ਰਕਾਸ਼ਿਤ ਕੀਤੇ ਜਾਂਦੇ 'ਗਦਰ' ਅਖਬਾਰ ਦੇ ਮੁੱਖ ਪੰਨੇ ਉੱਤੇ ਨਿਰੰਤਰਤਾ ਨਾਲ

"ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ" ਸੁਰਖੀ ਹੇਠ ਲਿਖੀਆਂ ਜਾਂਦੀਆਂ "ਮੋਟੀਆਂ ਮੋਟੀਆਂ ਬਾਤਾਂ" ਵਿਚ ਅੰਤਲੀ ਲਾਈਨ ਇਹ ਹੋਇਆ ਕਰਦੀ ਸੀ, "1857 ਦੇ ਗਦਰ ਨੂੰ 56/57 ਬਰਸ ਹੋ ਗਏ ਹਨ। ਦੂਜੇ ਦੀ ਛੇਤੀ ਲੋੜ ਹੈ।"

ਲਾਲਾ ਹਰਦਿਆਲ ਨੇ ਆਪਣੇ ਵਿਚਾਰਾਂ ਦੇ ਪਰਚਾਰ ਵਾਸਤੇ ਪਾਰਟੀ ਦੀ ਸਕੱਤਰੀ ਅਤੇ 'ਗਦਰ' ਦੀ ਸੰਪਾਦਕੀ - ਦੋਵਾਂ ਜ਼ਿੰਮੇਵਾਰੀਆਂ - ਨੂੰ ਬਾਖੂਬੀ ਵਰਤਿਆ। ਉਸ ਵੱਲੋਂ ਗਦਰ ਪਾਰਟੀ ਦੇ ਸਕੱਤਰ ਵਜੋਂ ਆਪਣੇ ਸਰੋਤਿਆਂ ਨੂੰ ਅੰਗਰੇਜ਼ ਸਾਮਰਾਜ ਦਾ ਤਖਤਾ ਪਲਟਾਉਣ ਵਾਸਤੇ ਕੀਤੇ ਤੇਜ਼ ਤਰਾਰ ਭਾਸ਼ਣਾਂ ਦੇ ਹੂਬਹੂ ਸ਼ਬਦ ਤਾਂ ਉਪਲਬਧ ਨਹੀਂ, ਪਰ ਉਸ ਦੇ 'ਗਦਰ' ਵਿਚ ਪ੍ਰਕਾਸ਼ਿਤ ਅਜਿਹੇ ਉਤੇਜਿਕ ਵਿਚਾਰ ਅੱਜ ਵੀ ਪੜ੍ਹੇ ਜਾ ਸਕਦੇ ਹਨ। ਕੁੱਝ ਉਦਾਹਰਨਾਂ ਪੇਸ਼ ਹਨ: (ਮੂਲ ਲਿਖਤ ਵਿਚ ਕੁੱਝ ਸ਼ਬਦਾਂ ਵੱਲ ਪਾਠਕਾਂ ਦਾ ਉਚੇਚਾ ਧਿਆਨ ਦਵਾਉਣ ਲਈ ਇਹਨਾਂ ਨੂੰ ਬਾਕੀ ਸ਼ਬਦਾਂ ਨਾਲੋਂ ਵੱਡੇ ਆਕਾਰ ਵਿਚ ਲਿਖਿਆ ਗਿਆ ਸੀ, ਇੱਥੇ ਇਹ ਸ਼ਬਦ ਗੂੜ੍ਹੇ ਕਾਲੇ ਲਿਖੇ ਗਏ ਹਨ)

(ੳ) ਉਰਦੂ 'ਗਦਰ' ਦੇ ਪਲੇਠੇ ਅੰਕ ਮਿਤੀ 1 ਨਵੰਬਰ 1913 ਵਿਚ ਉਸ ਨੇ ਲਿਖਿਆ, "ਸਾਡਾ ਨਾਉਂ ਕੀ ਹੈ? **ਗਦਰ**। ਕੰਮ ਕੀ ਹੈ? **ਗਦਰ**।... ਕਿੱਥੇ **ਗਦਰ** ਹੋਵੇਗਾ? ਭਾਰਤ ਵਿਚ। ਕਦ ਹੋਵੇਗਾ? ਥੋੜੇ ਬਰਸਾਂ ਤੱਕ।... ਏਸ **ਗਦਰ** ਦੀ ਖਾਤਰ ਹਰ ਏਕ ਹਿੰਦੋਸਤਾਨੀ ਦਾ ਤਿਆਰ ਹੋ ਜਾਣਾ ਧਰਮ ਹੈ।" ਇਸ ਲੇਖ ਦੇ ਅੰਤ ਵਿਚ ਉਸ ਨੇ ਆਪਣੇ ਪਾਠਕਾਂ ਨੂੰ ਇਉਂ ਵੰਗਾਰਿਆ, ""ਆਓ ਪਿਆਰੇਓ ਵੇਲਾ ਬੀਤਦਾ ਜਾਂਦਾ ਹੈ। ਦੇਸ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰੀ ਦੁਨੀਆਂ ਤੁਸਾਡਾ ਮੂੰਹ ਦੇਖ ਰਹੀ ਹੈ ਕਿ ਕਦ ਏਹ ਸ਼ੇਰ ਉਠਨ ਤੇ ਕਦ ਅੰਗਰੇਜ਼ਾਂ ਦਾ ਸਤੇਆਨਾਸ ਕਰਨ। ਤਨ, ਮਨ, ਧਨ ਸੇ ਵਤਨ ਦੀ ਸੇਵਾ ਕਰੋ। ਸਾਰੇਆਂ ਨੂੰ **ਗਦਰ** ਦੀ ਖਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੇ ਥਾਂ ਬਨਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਏਸ **ਗਦਰ** ਦੀ ਖਾਤਰ ਪ੍ਰਾਰਥਨਾ ਕਰੋ। ਗੱਲ ਕਰੋ ਤਾਂ **ਗਦਰ** ਦੀ, ਸੁਪਨਾ ਦੇਖੋ ਤਾਂ **ਗਦਰ** ਦਾ, ਧਨ ਕਮਾਓ ਤਾਂ **ਗਦਰ** ਦੀ ਖਾਤਰ, ਅੰਨ ਖਾਓ ਤਾਂ **ਗਦਰ** ਦੀ ਖਾਤਰ, ਬੱਸ **ਗਦਰ** ਦੇ ਸਪਾਹੀ ਬਨ ਜਾਓ।"

(ਅ) ... ਓ ਸੂਰਮੇ ਵੀਰੋ! ਤੁਸੀਂ ਬੀ ਕੇਸਰੀ ਜਾਮਾ ਪੈਹਨ ਲਵੋ ਅਤੇ ਸੰਸਾਰ ਦੇ ਲਾਲਚ ਨੂੰ ਛੱਡ ਅੰਗਰੇਜ਼ਾਂ ਨਾਲ ਜੰਗ ਅਰੰਭ ਦੇਓ।..... ਕੇਸਰੀ ਕਪੜੇ ਪੈਹਨ ਕੇ ਆਜ਼ਾਦੀ ਦੇ ਮੰਦਰ ਵਿਚ ਭੇਟ ਦੇਓ। ਏਥੇ ਜਾਨ ਤੋਂ ਘੱਟ ਭੇਟ ਕਬੂਲ ਨਹੀਂ ਹੁੰਦੀ।..... ਗਦਰ ਦੀ ਰਜਮੰਟ ਵਿਚ ਭਰਤੀ ਹੋ ਜਾਵੋ। ਗਦਰ ਵਿਚ ਲੜਨ ਦੀ ਤਿਆਰੀ ਕਰੋ। ਗਦਰ ਦੇ ਹੀ ਸੁਪਨੇ ਦੇਖੋ। ਗਦਰ ਦੀ ਉਡੀਕ ਬੜੀ ਬੇਕਰਾਰੀ ਨਾਲ ਕਰੋ। ਬਸ ਅਜ ਕੇਸਰੀ ਵਸਤਰ ਦਾ ਗਦਰ ਤੁਸਾਂ ਨੂੰ ਯਾਦ ਦਲਾਓਂਦਾ ਹੈ ਕਿ ਸ਼ਹੀਦਾਂ ਦਾ ਕੰਮ ਤੁਰਿਆ ਰਹੇ। ਜਿਥੇ ਓਹਨਾਂ ਨੇ ਅਜ਼ਾਦੀ ਦੀ ਖਾਤਰ ਇਕ ਜਾਨ ਵਾਰੀ ਹੈ ਓਥੇ ਤੁਸੀਂ ਲਖ ਜਾਨ ਵਾਰੋ। ਏਨਾਂ ਦੀ ਵਿਦਿਆ ਤੇ ਚੱਲੋ। **ਹਿੰਦੋਸਥਾਨ ਵਿਚ ਛੇਤੀ ਗਦਰ ਕਰੋ, ਦੇਰ ਨਾ ਲਾਓ।** (ਗਦਰ, ਜਿਲਦ ਪੈਹਲੀ, ਨੰਬਰ ਦੂਜਾ, 23 ਦਸੰਬਰ 1913 ਵਿਚ ਪ੍ਰਕਾਸ਼ਿਤ ਲੇਖ "ਸਾਡਾ ਕੇਸਰੀ ਬਾਣਾ")

(ੲ) ਹਿੰਦੋਸਤਾਨੀ ਕੌਮ ਨੂੰ ਦੁਨੀਆ ਵਿਚ ਕੋਈ ਕੌਮ ਨਹੀਂ ਜਾਣਦੀ ਕਿ ਏਹ ਕੇਹੜੇ ਬਾਗ ਦੀ ਮੂਲੀ ਹੈ। ਨਾ ਸਾਡਾ ਰਾਜ ਹੈ ਨਾ ਸਾਡਾ ਝੰਡਾ ਹੈ। ਰਾਜ ਤੇ ਬਗੈਰ ਝੰਡਾ ਕੈਸਾ। ਗਦਰ ਕਰ ਕੇ ਪੈਹਲੇ ਆਪਨਾ ਰਾਜ ਲਵੋ। (ਗਦਰ, ਜਿਲਦ ਪੈਹਲੀ, ਨੰਬਰ 7, 27 ਜਨਵਰੀ 1914, ਵਿਚ ਛਪਿਆ ਨੋਟ)

(ਸ) **ਗਦਰ ਦੀ ਤਿਯਾਰੀ ਵਿਚ ਆਪਣਾ ਤਨ ਮਨ ਧਨ ਕੁਰਬਾਨ ਕਰ ਦੇਵੋ।** (ਗਦਰ, ਜਿਲਦ ਪੈਹਲੀ, ਨੰਬਰ 8, 3 ਫਰਬਰੀ 1914 ਵਿਚ ਪ੍ਰਕਾਸ਼ਿਤ ਲੇਖ "ਕਿਚਨਰ ਕਸਾਈ ਫੇਰ ਔਂਦਾ ਹੈ")

(ਹ) **ਚੱਲੋ ਭਾਈਓ ਗਦਰ ਦਾ ਬਿਗਲ ਬਜ ਗਿਆ ਤੁਸੀਂ ਭੀ ਦੇਸ਼ ਤੇ ਪ੍ਰਦੇਸ਼ ਵਿਚ ਗਦਰ ਫੰਡ ਖੋਲੋ ਸਾਰੇ ਹੁਨਰ ਸਿੱਖੋ ਅਤੇ ਗਦਰ ਦੀ ਤਯਾਰੀ ਕਰੋ।)** (ਗਦਰ, ਜਿਲਦ ਪੈਹਲੀ, ਨੰਬਰ 11, 24 ਫਰਬਰੀ 1914 ਵਿਚ ਪ੍ਰਕਾਸ਼ਿਤ ਨੋਟ)

(ਕ) **ਗਦਰ ਦੇ ਸਪਾਹੀਓ!** ...ਬੱਸ ਚੱਲੋ ਹਿੰਦੋਸਤਾਨ ਨੂੰ ਅਤੇ **ਗਦਰ** ਦੀ ਤਯਾਰੀ ਕਰੋ। ਪੈਹਲਾਂ ਆਪਨਾ ਹੱਕ ਹਿੰਦੋਸਥਾਨ ਪਰ ਜਮਾਓ ਫੇਰ ਬਾਹਰ ਆਓ। (ਗਦਰ, ਜਿਲਦ ਪੈਹਲੀ, ਨੰਬਰ 14, 17 ਮਾਰਚ 1914, ਵਿਚ ਲੇਖ "ਕੈਨੇਡਾ ਦੀ ਕੌਂਸਲ ਵਿਚ ਏਸ਼ੀਆ ਦੇ ਲੋਕਾਂ ਬਾਬਤ ਬੈਹਸ")

1. ਅਮਰੀਕਾ ਸਰਕਾਰ ਨੇ ਬਰਤਾਨਵੀ ਸਰਕਾਰ ਦੇ ਪ੍ਰਭਾਵ ਹੇਠ 25 ਮਾਰਚ 1914 ਵਿਚ ਲਾਲਾ ਹਰਦਿਆਲ ਨੂੰ ਗਰਿਫਤਾਰ ਕਰ ਲਿਆ। ਇਮੀਗ੍ਰੇਸ਼ਨ ਅਫਸਰ ਵੱਲੋਂ ਇਹ ਪੁੱਛੇ ਜਾਣ ਉੱਤੇ ਕਿ "ਕੀ ਤੁਸੀਂ ਆਪਣੇ ਦੇਸੀ ਭਾਈਆਂ ਨੂੰ ਏਸ ਦੇਸ ਵਿਚ ਭੜਕਾਓਂਦੇ ਹੋ?" ਲਾਲਾ ਹਰਦਿਆਲ ਨੇ ਉੱਤਰ ਦਿੱਤਾ, "ਮੈਂ ਉਨ ਕੇ ਜੋਸ਼ ਸੇ ਪਰਚਾਰ ਦੀ ਇਕ ਝੁੰਡ

ਕਰਨ। "(ਗਦਰ, ਜਿਲਦ ਪੈਹਲੀ, ਨੰਬਰ 16, ਮਿਤੀ 31 ਮਾਰਚ 1914 ਵਿਚ ਲਿਖੇ ਲੇਖ "ਵਧਾਈ!ਵਧਾਈ! ਵਧਾਈ! ਹੁਸ਼ਿਆਰ ਹੋ ਜਾਓ, ਵੈਰੀ ਦਾ ਪੈਹਲਾ ਵਾਰ")

ਡਰ ਇਹ ਸੀ ਕਿ ਅਮਰੀਕਾ ਸਰਕਾਰ ਮੁਕੱਦਮੇ ਦੇ ਬਹਾਨੇ ਲਾਲਾ ਹਰਦਿਆਲ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦੇ ਕੇ ਹਿੰਦੁਸਤਾਨ ਸਰਕਾਰ ਦੇ ਹਵਾਲੇ ਕਰ ਦੇਵੇਗੀ, ਇਸ ਲਈ ਪਾਰਟੀ ਨੇ ਪਹਿਲਾਂ ਲਾਲਾ ਹਰਦਿਆਲ ਨੂੰ ਜ਼ਮਾਨਤ ਉੱਤੇ ਰਿਹਾਅ ਕਰਵਾਇਆ ਅਤੇ ਫਿਰ ਸਵਿਟਜ਼ਰਲੈਂਡ ਭਜਾ ਦਿੱਤਾ। ਸਵਿਟਜ਼ਰਲੈਂਡ ਲਈ ਚੱਲਣ ਤੋਂ ਪਹਿਲਾਂ ਲਾਲਾ ਹਰਦਿਆਲ ਨੇ ਆਪਣੀ ਪਹਿਲੀ ਤਿੱਖੀ ਸੁਰ ਨੂੰ ਜਾਰੀ ਰੱਖਦਿਆਂ 7 ਅਪ੍ਰੈਲ 1914 ਦੇ "ਹਿੰਦੋਸਤਾਨ ਗਦਰ", ਜਿਲਦ ਪੈਹਲੀ, ਨੰਬਰ 1 ਵਿਚ ਲਿਖਿਆ, "**ਪਿਯਾਰਿਓ!** ਹਿੰਦੋਸਤਾਨ ਦੀ ਅੱਖਾਂ ਦੇ ਤਾਰਿਓ! ਗਦਰ ਦੇ ਸਪਾਹੀਓ! ਆਜ਼ਾਦੀ ਦੀ ਸ਼ਹੀਦੀ ਦੀ ਸੁੱਖ ਸੁੱਖਣ ਵਾਲੋ! ਹੁਣ ਤਯਾਰ ਹੋ ਜਾਓ ਕਿ ਗਦਰ ਪਰਚਾਰ ਪੈਹਲਾਂ ਨਾਲੋਂ ਦਸ ਗੁਣੇ ਜੋਸ਼ ਨਾਲ ਕਰਨਾ ਹੈ। ਨਾ ਸਿਰਫ ਪਰਚਾਰ ਕਰਨਾ ਹੈ ਸਗੋਂ ਹਿੰਦੋਸਤਾਨ ਜਾ ਕੇ ਗਦਰ ਸ਼ੁਰੂ ਕਰਨਾ ਹੈ। ਹੁਣ ਬਾਤਾਂ ਦਾ ਵਕਤ ਨਹੀਂ ਰਿਹਾ। ਦੇਖੋ!ਪੰਜਾਬ ਵਿਚ ਅਸਾਡੇ ਕਿਤਨੇ ਦੇਸ਼ ਭਗਤ ਦੁਸ਼ਮਣ ਦੇ ਪੰਜੇ ਵਿਚ ਆ ਗਏ ਹਨ। ਹੁਣ ਸਭ ਤਰਫ ਰੌਲਾ ਗੌਲਾ ਪੈ ਗਯਾ ਹੈ। ਹੁਣ ਤੁਸਾਂ ਨੂੰ ਓਥੇ ਪੁੱਜਣਾ ਚਾਹੀਦਾ ਹੈ। ਸਪਾਹੀ ਓਹ ਹੈ ਜੇਹੜਾ ਜੰਗ ਦੇ ਮੈਦਾਨ ਵਿਚ ਅੱਗੇ ਜਾਵੇ, ਦੂਰ ਨਾ ਪਿਯਾ ਰਹੇ। ਪਿਆਰਿਓ! ਹੁਣ ਵੇਖਣ ਦਾ ਮੌਕਾ ਨਹੀਂ ਹੈ, ਦੇਸ਼ ਚੱਲਣ ਵਾਸਤੇ ਤਿਆਰ ਹੋ ਜਾਓ। **ਮੈਂ ਹਰ ਵੇਲੇ ਮਰਦੇ ਦਮ ਤੱਕ ਤੁਹਾਡੇ ਸਾਥ ਹਾਂ।**

ਬੰਦੇ ਮਾਤ੍ਰਮ (ਸ਼ਬਦਾਂ ਹੇਠ ਲਕੀਰ ਇਹਨਾਂ ਸ਼ਬਦਾਂ ਵੱਲ ਧਿਆਨ ਦੁਆਉਣ ਲਈ ਇਸ ਲੇਖਕ ਵੱਲੋਂ ਲਾਈ ਗਈ ਹੈ।)

**ਬਚਨ ਅਤੇ ਕਰਮ ਵਿਚ ਪਾੜਾ**

ਪਰ ਪੰਜਾਬੀ ਗਦਰੀਆਂ ਨੂੰ ਹਥਿਆਰਬੰਦ ਜੱਦੋ ਜਹਿਦ ਦੁਆਰਾ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਦੇਣ ਦੇ ਰਾਹ ਪਾਉਣ ਵਾਲੇ ਲਾਲਾ ਹਰਦਿਆਲ ਨੇ ਹਿੰਦੁਸਤਾਨ ਵਿਚ ਗਦਰ ਲਿਆਉਣ ਦਾ ਖੁਦ ਕਿੰਨਾ ਕੁ ਅਮਲੀ ਪੈਂਡਾ ਕੱਛਿਆ? ਹੋਰਨਾਂ ਨੂੰ ਹਿੰਦੁਸਤਾਨ ਪੁੱਜ ਕੇ ਹਥਿਆਰਬੰਦ ਗਦਰ ਕਰਨ ਲਈ ਪ੍ਰੇਰਨਾ ਅਤੇ ਉਤਸ਼ਾਹ ਦੇਣ ਵਾਲੇ ਇਸ 'ਸੂਰਬੀਰ' ਦੇਸ਼ਭਗਤ ਦੇ ਆਪਣੇ ਅਮਲ ਉਸ ਦੇ ਆਪਣੇ ਉਪਦੇਸ਼ ਨਾਲ ਕਿੰਨਾ ਕੁ ਮੇਲ ਖਾਂਦੇ ਹਨ? ਇਹਨਾਂ ਪ੍ਰਸ਼ਨਾਂ ਦੇ ਉੱਤਰ ਨਿਰਾਸ਼ਾ ਤੋਂ ਵੱਧ ਕੁੱਝ ਵੀ ਪੱਲੇ ਨਹੀਂ ਪਾਉਂਦੇ।

ਗਰਿਫਤਾਰੀ ਦੇ ਤੁਰੰਤ ਪਿੱਛੋਂ ਲਾਲਾ ਹਰਦਿਆਲ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸਾਫ ਤੌਰ ਉੱਤੇ ਦੱਸਿਆ ਕਿ "ਮੈਂ 10 ਫਰਵਰੀ 1911 ਨੂੰ ਨਿਊਯਾਰਕ ਉਤਰਿਯਾ ਸਾਂ। ਹੁਣ ਮੈਨੂੰ ਏਸ ਮੁਲਕ ਵਿਚ ਰੈਹੰਦੇ ਹੋਏ ਤਿੰਨ ਸਾਲ ਹੋ ਗਏ ਹਨ। ਬੱਸ ਤੁਸੀਂ ਮੈਨੂੰ ਨਹੀਂ ਫੜ ਸਕਦੇ। ਤੁਸਾਂ ਦੇ ਮਹਿਕਮੇ ਦਾ ਮੇਰੇ ਉੱਪਰ ਕੋਈ ਅਖਤਿਆਰ ਨਹੀਂ।" (ਗਦਰ, ਜਿਲਦ ਪੈਹਲੀ, ਨੰਬਰ 16, ਮਿਤੀ 31 ਮਾਰਚ 1914 ਵਿਚ ਲਿਖੇ ਲੇਖ "ਵਧਾਈ! ਵਧਾਈ! ਵਧਾਈ! ਹੁਸ਼ਿਆਰ ਹੋ ਜਾਓ, ਵੈਰੀ ਦਾ ਪੈਹਲਾ ਵਾਰ")

ਕੁੱਝ ਦਿਨ ਪਿੱਛੋਂ ਲਾਲਾ ਹਰਦਿਆਲ ਨੇ ਬਰਕਲੇ ਵਿਚ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਇਸ ਘਟਨਾ ਬਾਰੇ ਵੀ ਜਾਣਕਾਰੀ ਦਿੱਤੀ। ਇਸ ਭਾਸ਼ਣ ਦੀ "ਯੂਨੀਵਰਸਿਟੀ ਕੈਲੇਫੋਰਨੀਆ ਦੇ ਅਖਬਾਰ" ਵਿਚ ਛਪੀ ਰੀਪੋਰਟ ਨੂੰ ਆਧਾਰ ਬਣਾ ਕੇ ਲਾਲਾ ਹਰਦਿਆਲ ਵੱਲੋਂ "ਹਿੰਦੋਸਤਾਨ ਗਦਰ" (ਜਿਲਦ 1, ਨੰਬਰ 1 ਮਿਤੀ 7 ਅਪਰੈਲ 1914) ਵਿਚ ਲਿਖੇ ਲੇਖ "ਬਰਕਲੇ ਕਾਲਜ ਵਿਚ ਗਦਰ ਪਰਚਾਰ" ਵਿਚ ਇਕ ਵਾਰ ਫਿਰ ਉਸ ਨੇ ਇਮੀਗ੍ਰੇਸ਼ਨ ਮਹਿਕਮੇ ਦੇ ਕਮਜ਼ੋਰ ਪੱਖ ਉੱਤੇ ਉਂਗਲ ਧਰਦਿਆਂ ਆਖਿਆ, "ਅਮਰੀਕਾ ਦੇ ਕਨੂੰਣ ਦੇ ਅਨੁਸਾਰ ਇਮੀਗ੍ਰੇਸ਼ਨ ਨੂੰ ਮੇਰੇ ਫੜਨ ਦਾ ਕੋਈ ਅਖਤਿਆਰ ਨਹੀਂ ਹੈ। ਮੈਂ 10 ਫਰਵਰੀ 1911 ਨੂੰ ਨਿਊਯਾਰਕ ਪੁੱਜਾ ਸੀ ਜਿਸ ਨੂੰ ਪੂਰੇ ਤਿੰਨ ਸਾਲ ਹੋ ਗਏ।" ਇਸ ਹੀ ਪਰਚੇ ਵਿਚ ਲਾਲਾ ਹਰਦਿਆਲ ਨੇ ਆਪਣੇ ਲੇਖ "ਵੀਰੋ! ਹੁਸ਼ਿਆਰ ਹੋ ਜਾਓ" ਵਿਚ ਫਿਰ ਲਿਖਿਆ, "ਏਸ ਦੇਸ਼ ਵਿਚ ਮੇਰੇ ਤਿੰਨ ਸਾਲ 9 ਫਰਵਰੀ 1914 ਨੂੰ ਖਤਮ ਹੋ ਗਏ ਅਤੇ ਹੁਣ ਮੈਂ ਐਮਰੀਕਾ ਦੇ ਕਨੂਣ ਵਿਚ ਨਹੀਂ ਆ ਸਕਦਾ।" 7 ਅਪ੍ਰੈਲ 1914 ਤੱਕ ਇਹ ਵੀ ਸਪਸ਼ਟ ਹੋ ਚੁੱਕਾ ਸੀ ਕਿ ਇਮੀਗ੍ਰੇਸ਼ਨ ਮਹਿਕਮੇ ਨੇ ਵੀ ਆਪਣੀ ਉਕਾਈ ਨੂੰ ਪ੍ਰਵਾਨ ਕਰ ਲਿਆ ਹੈ। ਇਸ ਤੱਥ ਦੀ ਪੁਸ਼ਟੀ ਇਸ ਹੀ ਪਰਚੇ ਵਿਚ ਇਹ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨ ਦੇ ਮਨੋਰਥ ਨਾਲ "ਖੁਸ਼ਖਬਰੀ" ਸੁਰਖੀ ਹੇਠ ਛਪੇ ਇਸ ਨੋਟ ਤੋਂ ਹੁੰਦੀ ਹੈ, "ਏ ਮੁਕਦਮੇ ਵਿਚ ਦੋ ਬਾਤਾਂ ਮਿਲੀਆਂ ਹੋਈਆਂ ਸਨ। ਇਕ ਪਾਸੇ ਤਾਂ ਅਮਰੀਕਨ ਗਵਰਮਿੰਟ ਦਾ ਝਗੜਾ ਸੀ ਕਿ ਹਰਦਿਯਾਲ ਦੇ ਖਿਆਲ ਸਾਨੂੰ ਪਸੰਦ ਨਹੀਂ ਹਨ। ਦੂਜੇ ਅੰਗ੍ਰੇਜ਼ਾਂ ਨੇ ਦਿੱਲੀ ਮੁਕੱਦਮੇ ਤੇ ਹੋਰ ਅਲਜ਼ਾਮ ਲਾ ਕੇ ਭੇਜੇ ਸਨ। ਇਮੀਗ੍ਰੇਸ਼ਨ ਦੇ ਦੋਹਾਂ ਪਾਸਿਆਂ ਤੋਂ ਫੜਦੇ ਸਨ। ਅਸੀਂ ਅਖਬਾਰਾਂ ਵਿਚ ਰੌਲਾ ਪਾਯਾ ਕਿ ਅਮਰੀਕਨ ਗਵਰਮਿੰਟ ਦਾ ਅੰਗ੍ਰੇਜ਼ਾਂ ਨਾਲ ਕੀ ਤਅੱਲਕ ਹੈ? ਸੋ ਸਾਡੀ ਜਿੱਤ ਹੋਈ। ਕਿਓਂਕਿ ਇਮੀਗ੍ਰੇਸ਼ਨ ਜਨਰਲ ਕਾਮਨਟੀ ਨੇ ਤਾਰ ਭੇਜੀ ਹੈ ਕਿ ਹਰਦਿਯਾਲ ਦਾ ਮੁਕੱਦਮਾ

ਅਮਰੀਕਨ ਕਨੂਣ ਦੇ ਅਨੁਸਾਰ ਹੋਵੇਗਾ ਅਤੇ ਏਸ ਨੇ ਜੇਹੜਾ ਕੰਮ ਏਸ ਦੇਸ ਵਿਚ ਕੀਤਾ ਹੈ ਓਸਦੀ ਪੜਤਾਲ ਹੋਵੇਗੀ। ਹਿੰਦੋਸਤਾਨ ਵਿਚ ਏਸ ਨੇ ਜੋ ਕੀਤਾ ਹੈ ਸਾਨੂੰ ਕੋਈ ਮਤਲਬ ਨਹੀਂ।" ਹਰਦਿਆਲ ਤਾਂ ਸ਼ੁਰੂ ਤੋਂ ਹੀ ਇਸ ਗੱਲ ਪ੍ਰਤੀ ਚੌਕਸ ਸੀ ਕਿ ਉਹ ਕਿਸੇ ਵੀ ਤਰ੍ਹਾਂ ਅਮਰੀਕਨ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਭਾਗੀ ਨਾ ਬਣੇ। ਭਾਈ ਹਰਜਾਪ ਸਿੰਘ ਵੱਲੋਂ ਲਿਖੀ ਡਾਇਰੀ ਅਨੁਸਾਰ "ਲਾਲਾ ਜੀ ਆਪਣੇ ਥਾਂ ਬੜੀ ਹੁਸ਼ਿਆਰੀ ਨਾਲ ਕੰਮ ਕਰਦੇ ਸਨ। ਆਪ ਦੀਆਂ ਤਕਰੀਰਾਂ ਬੜੀਆਂ ਸੋਚ ਸਮਝ ਕੇ ਕੀਤੀਆਂ ਜਾਂਦੀਆਂ ਸਨ। ਅਖਬਾਰ ਦਾ ਕੋਈ ਪਰਚਾ ਜਾਂ ਟਰੈਕਟ ਵਕੀਲਾਂ ਦੇ ਮਸ਼ਵਰੇ ਤੋਂ ਬਗੈਰ ਨਹੀਂ ਸੀ ਛਾਪਿਆ ਜਾਂਦਾ। ਆਪ ਇਸ ਗੱਲ ਦਾ ਖਾਸ ਖਿਆਲ ਰੱਖਦੇ ਸਨ ਕਿ ਕਿਸੇ ਵੀ ਅਮਰੀਕੀ ਕਾਨੂੰਨ ਦੀ ਉਲੰਘਣਾ ਨਾ ਹੋ ਜਾਏ।"

ਅਗਲੇ ਮਹੀਨੇ ਬਿਲਕੁੱਲ ਸਪਸ਼ਟ ਹੋ ਗਿਆ ਕਿ ਅਮਰੀਕਾ ਸਰਕਾਰ ਲਾਲਾ ਹਰਦਿਆਲ ਖਿਲਾਫ ਕੋਈ ਕਾਰਵਾਈ ਨਹੀਂ ਕਰੇਗੀ। ਇਹ ਸੂਚਨਾ "ਹਿੰਦੋਸਤਾਨ ਗਦਰ", ਜਿਲਦ ਪੈਹਲੀ, ਨੰਬਰ 8 ਦੇ ਮਿਤੀ 26 ਮਈ 1914 ਵਾਲੇ ਅੰਕ ਵਿਚ "ਲਾਲਾ ਹਰ ਦਿਯਾਲ ਅਤੇ ਮੁਕੱਦਮਾ" ਸੁਰਖੀ ਹੇਠ ਇਉਂ ਪ੍ਰਕਾਸ਼ਿਤ ਕੀਤੀ ਗਈ, "ਲਾਲਾ ਹਰ ਦਿਯਾਲ ਦੇ ਮੁਕੱਦਮੇ ਦੀ ਬਾਬਤ ਹਿੰਦੋਸਤਾਨ ਵਿਚ ਭੀ ਬੜਾ ਜੋਸ਼ ਫੈਲ ਰਿਹਾ ਹੈ। 15 ਅਪ੍ਰੈਲ ਨੂੰ ਔਰੇਗਾਨ ਸਟੇਟ ਤੋਂ ਵਕੀਲ ਦੇ ਪਾਸ ਲਾਲਾ ਜੀ ਦਾ ਤਾਰ ਆਯਾ ਸੀ। ਏਸ ਤੋਂ ਬਾਦ ਐਮੀਗਰੇਸ਼ਨ ਦੇ ਬੁਲੌਨੇ ਪਰ ਵਕੀਲ ਨੇ ਕਿਹਾ ਮੈਨੂੰ ਪਤਾ ਨਹੀਂ। ਅਖਬਾਰ ਕਰਾਨੀਕਲ ਤੇ ਹੋਰ ਅਖਬਾਰਾਂ ਨੇ ਲਿਖਾ ਹੈ ਕਿ ਲਾਲਾ ਹਰ ਦਿਯਾਲ ਕੋ ਅਮਰੀਕਨ ਗਵਰਮਿੰਟ ਦੇ ਇਨਸਾਫ ਪਰ ਸ਼ੱਕ ਸੀ ਏਸ ਕਰ ਕੇ ਓਹ ਸਵਿਜ਼ਰਲੈਂਡ ਚਲੇ ਗਏ ਹਨ। ਅਮਰੀਕਾ ਗਵਰਮਿੰਟ ਓਹਨਾਂ ਦੇ ਵਰੁੱਧ ਕੋਈ ਕਾਰਵਾਈ ਨਹੀਂ ਕਰਨਾ ਚੌਂਹਦੀ।"

ਲਾਲਾ ਹਰਦਿਆਲ ਦੇ ਸ਼ਰਧਾਲੂ, ਸਹਿਯੋਗੀ ਅਤੇ ਰਿਸ਼ਤੇਦਾਰੀ ਵਿਚੋਂ ਸਾਲੇ ਲੱਗਦੇ ਸ੍ਰੀ ਗੋਬਿੰਦ ਬਿਹਾਰੀ ਲਾਲ ਨੇ ਗਦਰ ਲਹਿਰ ਦੀਆਂ ਯਾਦਾਂ ਬਾਰੇ ਅੰਗਰੇਜ਼ੀ ਵਿਚ ਲਿਖੀ ਆਪਣੀ ਪੁਸਤਕ ਵਿਚ ਇਸ ਮੁਕੱਦਮੇ ਦਾ ਅੰਤ ਇਉਂ ਦੱਸਿਆ ਹੈ, " ਉਸ (ਲਾਲਾ ਹਰਦਿਆਲ) ਦੇ ਚਲੇ ਜਾਣ ਦੇ ਕੁੱਝ ਹਫਤੇ ਪਿੱਛੋਂ ਮਿਸਟਰ ਓਲਡਰ ਨੇ ਮੈਨੂੰ ਸੂਚਿਤ ਕੀਤਾ ਕਿ ਉਸ ਨੂੰ ਦੇਸ਼ ਬਦਰ ਨਹੀਂ ਕੀਤਾ ਜਾਵੇਗਾ। ਸੰਪਾਦਕ ਨੂੰ ਇਹ ਜਾਣਕਾਰੀ ਸਿੱਧੇ ਤੌਰ ਉਤੇ ਮਿਸਟਰ ਵਿਲਸਨ, ਰਾਸਟਰਪਤੀ ਵਿਲਸਨ ਦੀ ਵਜ਼ਾਰਤ ਵਿਚ ਲੇਬਰ ਸਕੱਤਰ, ਜੋ ਪ੍ਰਵਾਸ ਬਾਰੇ ਸਭ ਤੋਂ ਸਮਰੱਥ ਅਧਿਕਾਰੀ ਸੀ, ਪਾਸੋਂ ਮਿਲੀ ਸੀ। ਸਕੱਤਰ ਨੇ ਕਿਹਾ ਸੀ ਕਿ ਉਹ ਹਰਦਿਆਲ ਨੂੰ ਬਿਲਕੁੱਲ ਹੀ ਬਰਤਾਨਵੀ ਹੱਥਾਂ ਵਿਚ ਨਹੀਂ ਦੇਵੇਗਾ। ਹਰਦਿਆਲ ਨੂੰ ਅਮਰੀਕਾ ਵਿਚੋਂ ਕੱਢਣ ਦੀ ਕਾਰਵਾਈ ਰੱਦ ਕਰ ਦਿੱਤੀ ਗਈ, 500 ਡਾਲਰ ਦੀ ਜ਼ਮਾਨਤ ਗਦਰ ਦਫਤਰ ਨੂੰ ਵਾਪਸ ਕਰ ਦਿੱਤੀ ਗਈ।"

ਹੈਰਾਨੀ ਦੀ ਗੱਲ ਹੈ ਕਿ ਮੁਕੱਦਮੇ ਦੀ ਕਮਜ਼ੋਰੀ ਨੂੰ ਵੇਖਦਿਆਂ ਆਤਮ ਵਿਸ਼ਵਾਸ ਨਾਲ ਭਰਪੂਰ ਹੋਣ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਸਪਸ਼ਟ ਕਰ ਦਿੱਤੇ ਜਾਣ ਦੇ ਬਾਵਜੂਦ ਵੀ ਲਾਲਾ ਹਰਦਿਆਲ ਸਵਿਟਜ਼ਰਲੈਂਡ ਨੂੰ ਉਡਾਰੀ ਮਾਰ ਗਿਆ। ਚੱਲੋ, ਜੇ ਕਰ ਮੁਕੱਦਮੇ ਦੇ ਲੰਬਿਤ ਹੋਣ ਸਮੇਂ ਉਹ ਅਮਰੀਕਾ ਤੋਂ ਬਾਹਰ ਚਲਾ ਹੀ ਗਿਆ ਸੀ ਤਾਂ ਮੱਧ ਮਈ ਵਿਚ ਸਥਿਤੀ ਸਾਫ ਹੋਣ ਪਿੱਛੋਂ ਉਸ ਨੂੰ ਵਾਪਸ ਆਉਣਾ ਕਠਿਨ ਨਹੀਂ ਸੀ। ਪਰ ਨਹੀਂ, ਜਾਪਦਾ ਹੈ ਲਾਲਾ ਹਰਦਿਆਲ ਪਹਿਲਾਂ ਹੀ ਅਮਰੀਕਾ ਵਿਚੋਂ ਨਿਕਲਣ ਦਾ ਕੋਈ ਬਹਾਨਾ ਭਾਲਦਾ ਸੀ ਅਤੇ ਇਹ ਬਹਾਨਾ ਮਿਲ ਗਿਆ ਅਮਰੀਕਾ ਦੇ ਇਮੀਗ੍ਰੇਸ਼ਨ ਮਹਿਕਮੇ ਵੱਲੋਂ ਦਰਜ ਕੀਤਾ ਗਿਆ ਮੁਕੱਦਮਾ।

ਲਾਲਾ ਹਰਦਿਆਲ ਨੇ ਇਸ ਅਵਸਰ ਦਾ ਲਾਭ ਉਠਾਉਣ ਵਿਚ ਕੋਈ ਢਿੱਲ ਨਾ ਕੀਤੀ। ਕਹਿੰਦੇ ਹਨ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਜਾਂਦਾ ਹੈ। ਲਾਲਾ ਹਰਦਿਆਲ ਦੀ ਅਮਰੀਕਾ ਵਿਚੋਂ ਕਿਵੇਂ ਨਾ ਕਿਵੇਂ ਨਿਕਲ ਜਾਣ ਦੀ ਇੱਛਾ ਦਾ ਪਰਦਾ ਅਣਜਾਣੇ ਵਿਚ ਹੀ ਐਡੀਟਰ ਗਦਰ ਵੱਲੋਂ ਪਾੜ ਦਿੱਤਾ ਗਿਆ ਹੈ। ਇਹ ਐਡੀਟਰ ਹੋਰ ਕੋਈ ਨਹੀਂ, ਰਾਮ ਚੰਦਰ ਹੈ। ਉਸ ਨੇ 1 ਨਵੰਬਰ 1915 ਦੇ ਹਿੰਦੋਸਤਾਨ ਗਦਰ ਵਿਚ ਗਦਰ ਅਖਬਾਰ ਦੇ ਪਿਛਲੇ ਹਾਲ ਲਿਖਦਿਆਂ ਲਿਖਿਆ ਕਿ ਅਖਬਾਰ ਦੇ "ਕੁਝ ਥੋੜੇ ਹੀ ਪਰਚਿਆਂ ਨੇ ਅੰਗ੍ਰੇਜ਼ੀ ਗਵਰਮਿੰਟ ਦੇ ਪੈਰ ਹਲਾ ਦਿੱਤੇ ਔਰ ਲਾਲਾ ਹਰਦਿਯਾਲ ਜੀ ਕੀ ਇਸ ਮੁਲਕ ਵਿਚੋਂ ਕੱਢੇ ਜਾਣ ਦੀ ਤਜ਼ਵੀਜ਼ ਕੀਤੀ ਗਈ। **ਐਪੂ ਏਨਾਂ ਦੀ ਆਪਣੀ ਮਰਜ਼ੀ ਇਸ ਮੁਲਕ ਵਿਚੋਂ ਚਲੇ ਜਾਣ ਦੀ ਸੀ।**"

ਲਾਲਾ ਹਰਦਿਆਲ ਦੇ ਇਸ ਪੈਂਤੜੇ ਨੂੰ ਗਦਰੀ ਆਗੂ ਤਾਂ ਭਾਵੇਂ ਨਾ ਸਮਝ ਸਕੇ ਪਰ ਉਸ ਦੀ ਇਹ ਚਾਲ ਅੰਗਰੇਜ਼ੀ ਸਰਕਾਰ ਦੇ 'ਬਾਜ਼ ਅੱਖ' ਵਾਲੇ ਸੂਹੀਆਂ ਤੋਂ ਛੁਪੀ ਨਾ ਰਹਿ ਸਕੀ। ਲਾਹੌਰ ਸਾਜ਼ਿਸ਼ ਮੁਕੱਦਮੇ ਦੇ ਫੈਸਲੇ ਵਿਚ ਲਾਲਾ ਹਰਦਿਆਲ ਬਾਰੇ ਲਿਖਿਆ ਗਿਆ ਕਿ "ਧੋਖੇ ਵਿਚ ਰੱਖੇ ਲੋਕਾਂ ਨੂੰ ਇਕ ਨਿਸ਼ਚਿਤ ਨਸੀਬ ਵੱਲ ਧਕੇਲਦਿਆਂ ਉਸ ਨੇ ਆਪਣੇ ਆਪ ਨੂੰ ਅਤੇ ਆਪਣੇ ਮੁਹਰੈਲੀ ਸਹਾਇਕਾਂ ਨੂੰ ਖ਼ਤਰੇ ਤੋਂ ਬਾਹਰ ਰੱਖਿਆ।"

ਇਸ ਅਦਾਲਤ ਦੇ ਮੁੱਖ ਜੱਜ ਲੈਫਟੀਨੈਂਟ ਕਰਨਲ ਏ. ਏ. ਇਰਵਿਨ ਨੇ ਖੁਦ ਆਪਣੀ ਪੱਧਰ ਉੱਤੇ ਵੀ ਲਾਲਾ ਹਰਦਿਆਲ ਬਾਰੇ ਇਹੋ ਜਿਹੇ ਸ਼ਬਦ ਲਿਖੇ ਹਨ। ਉਹ ਲਾਲਾ ਹਰਦਿਆਲ ਨੂੰ ਅਮਰੀਕਾ ਵਿਚ "ਬਗਾਵਤ ਫੈਲਾਉਣ, ਰੁਪਿਆ ਇਕੱਠਾ ਕਰਨ, ਆਪਣੇ ਹਾਮੀ ਬਣਾਉਣ, ਤੇ ਬਾਦਸ਼ਾਹ ਸਲਾਮਤ ਦੇ ਵਿਰੁੱਧ ਜੰਗ ਕਰਨ, ਯੂਰਪੀਅਨਾਂ ਨੂੰ ਮਾਰਨ ਤੇ ਹਿੰਦੁਸਤਾਨ ਤੋਂ ਬਾਹਰ ਕੱਢਣ" ਦੀਆਂ ਕਾਰਵਾਈਆਂ ਕਰਨ ਵਾਲਾ ਦੱਸ ਕੇ ਲਿਖਦਾ ਹੈ ਕਿ "ਉਹ ਆਪਣੀ ਜ਼ਾਤ ਸੰਬੰਧੀ ਬਹੁਤ ਖ਼ਬਰਦਾਰ ਰਿਹਾ। ਇਸ ਤੋਂ ਪਹਿਲਾਂ ਕਿ ਹਿੰਦੁਸਤਾਨ ਵਿਚ ਝੱਖੜ ਝੁੱਲੇ, ਉਹ ਆਪਣੇ ਪਿੱਛੇ ਲੱਗਣ ਵਾਲਿਆਂ ਨੂੰ ਆਪਣੇ ਹਾਲ 'ਤੇ ਛੱਡ ਕੇ ਖਿਸਕ ਗਿਆ।"

ਇਰਵਨ ਦੇ ਮੱਤ ਦੀ ਪੁਸ਼ਟੀ ਸ੍ਰੀ ਗੋਬਿੰਦ ਬਿਹਾਰੀ ਲਾਲ ਨੇ ਵੀ ਕੀਤੀ ਹੈ। ਉਸ ਅਨੁਸਾਰ ਜਦ ਉਸ ਨੂੰ ਲਾਲਾ ਹਰਦਿਆਲ ਦੇ ਅਮਰੀਕਾ ਵਿਚੋਂ ਜਾਣ ਦੀ ਯੋਜਨਾ ਬਾਰੇ ਪਤਾ ਲੱਗਾ ਤਾਂ "ਮੈਂ ਹੱਕਾ ਬੱਕਾ ਰਹਿ ਗਿਆ। ਮੈਂ ਉਸ (ਲਾਲਾ ਹਰਦਿਆਲ) ਨੂੰ ਦੱਸਿਆ ਕਿ ਮੈਂ ਉਸ ਉੱਤੇ ਵਿਸ਼ਵਾਸ ਕੀਤਾ ਸੀ ਅਤੇ ਉਸ ਨੇ ਮੈਨੂੰ ਇਨਕਲਾਬੀ ਰਾਹ ਉੱਤੇ ਤੋਰਿਆ ਸੀ। ..... ਮੈਂ ਹੁਣ ਕੀ ਕਰਾਂਗਾ?

"ਮੈਂ ਤੈਨੂੰ ਉੱਥੇ ਮੰਗਵਾਉਣ ਦਾ ਯਤਨ ਕਰਾਂਗਾ। ਸਾਨ ਬੋਨ ਜਾਂ ਕੈਂਬਰਿਜ ਤੇਰੇ ਲਈ ਢੁੱਕਵਾਂ ਰਹੇਗਾ। ਬਰਕਲੇ ਯੂਨੀਵਰਸਿਟੀ ਤਾਂ ਅਮਰੀਕੀ ਕਿਸਾਨਾਂ ਵਾਸਤੇ ਹੈ।" ਲਾਲਾ ਹਰਦਿਆਲ ਬਾਰੇ ਅੰਗਰੇਜ਼ੀ ਵਿਚ ਪੁਸਤਕ ਲਿਖਣ ਵਾਲੀ ਇਮਲੀ ਐੱਸ. ਬ੍ਰਾਊਨ ਵੀ ਇਸ ਘਟਨਾ ਤੋਂ ਇਹੋ ਨਤੀਜਾ ਕੱਢਦੀ ਹੈ ਕਿ ਲਾਲਾ ਹਰਦਿਆਲ ਨਹੀਂ ਸੀ ਚਾਹੁੰਦਾ ਕਿ ਉਹ ਖੁਦ ਜਾਂ ਉਸ ਦਾ ਕੋਈ ਨਿਕਟਵਰਤੀ 'ਗਦਰ ਪਾਰਟੀ' ਵਾਲੇ ਝਮੇਲੇ ਵਿਚ ਸ਼ਾਮਲ ਹੋਵੇ।

ਡਾ. ਹਰੀਸ਼ ਕੇ. ਪੁਰੀ "ਗਦਰ ਲਹਿਰ: ਵਿਚਾਰਧਾਰਾ ਜਥੇਬੰਦੀ ਰਣਨੀਤੀ" ਪੁਸਤਕ ਵਿਚ ਲਿਖਦੇ ਹਨ ਕਿ ਜਦੋਂ ਲਾਲਾ ਹਰਦਿਆਲ ਸਵਿਟਜ਼ਰਲੈਂਡ ਵਿਚ ਰਹਿ ਕੇ ਅਮਰੀਕਾ ਵਿਚਲੇ ਗਦਰੀਆਂ ਨੂੰ "ਦੁਸ਼ਮਣ ਨਾਲ ਲੜ ਕੇ ਦੇਸ਼ ਆਜ਼ਾਦ ਕਰਨ ਵਾਸਤੇ ਬੌਹਤ ਛੇਤੀ ਦੇਸ" ਚੱਲਣ ਦੀਆਂ ਸਲਾਹਾਂ ਦਿੰਦਿਆਂ "ਮਰਦੇ ਦਮ ਤੱਕ" ਉਹਨਾਂ ਦਾ ਸਾਥ ਦੇਣ ਦੀਆਂ ਡੀਂਗਾਂ ਮਾਰ ਰਿਹਾ ਸੀ ਉਹਨੀਂ ਹੀ ਦਿਨੀਂ "ਉਸ ਦੇ ਸਾਥੀ ਇਨਕਲਾਬੀਆਂ ਵੱਲੋਂ ਉਸ ਸਮੇਂ ਬਾਰੇ ਕੀਤੇ ਬਹੁਤੇ ਵਰਣਨ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਉਹ ਇਨਕਲਾਬੀ ਸਰਗਰਮੀਆਂ ਜਥੇਬੰਦ ਕਰਨ ਨਾਲੋਂ ਪਰਾਪੇਗੰਡੇ ਵਾਲੀਆਂ ਲਿਖਤਾਂ ਲਿਖਣ ਨੂੰ ਤਰਜੀਹ ਦਿੰਦਾ ਸੀ।" ਉਸ ਦੇ ਪਰਚਾਰ ਦੀ ਸੁਰ ਬਾਰੇ ਵੀ ਉਸ ਦਾ ਮਤ ਪਹਿਲਾਂ ਵਾਲਾ ਨਹੀਂ ਸੀ ਰਿਹਾ। ਹੁਣ ਉਹ ਮੰਨਣ ਲੱਗ ਪਿਆ ਸੀ ਕਿ "ਅਤਿਵਾਦੀ ਦਾਅਵਿਆਂ ਅਤੇ ਅਗਿਆਣਤਾ ਅਧਾਰਿਤ ਸਾਰਾ ਪਰਚਾਰ ਹਾਨੀਕਾਰਕ ਹੁੰਦਾ ਹੈ।" ਲਾਲਾ ਹਰਦਿਆਲ ਦੇ ਖਿਆਲਾਂ ਵਿਚ ਆਏ ਪਲਟੇ ਦਾ ਪਤਾ ਉਸ ਵੱਲੋਂ ਜਨਵਰੀ 1915 ਦੇ ਅਖੀਰ ਵਿਚ ਜਰਮਨੀ ਤੋਂ ਆਪਣੇ ਮਿੱਤਰ ਬਰੁੱਕਸ ਨੂੰ ਲਿਖੇ ਪੱਤਰ ਤੋਂ ਹੋ ਜਾਂਦਾ ਹੈ। ਇਸ ਪੱਤਰ ਵਿਚ ਉਸ ਨੇ ਲਿਖਿਆ ਕਿ ਉਹ "ਅਮਲੀ ਸਰਗਰਮੀ ਦੇ ਯੋਗ ਨਹੀਂ ਸੀ ਅਤੇ ਵਿਸ਼ਵਾਸ ਕਰਨ ਲੱਗ ਪਿਆ ਸੀ ਕਿ ਉਹ ਭਾਰਤ ਲਈ ਸਵੈਧੀਨ ਲੇਖਕ ਵਜੋਂ ਕੰਮ ਕਰਦਿਆਂ ਆਪਣੇ ਦੇਸ਼ ਲਈ ਵਧੇਰੇ ਕੁੱਝ ਕਰ ਸਕਦਾ ਹੈ।" ਲੰਡਨ ਦੇ ਅਖਬਾਰ "ਨੀਊ ਸਟੇਟਸਮੈਨ" ਦੇ ਅੰਕ 29 ਮਾਰਚ 1919 ਨੂੰ ਛਪੇ ਲਾਲਾ ਹਰਦਿਆਲ ਦੇ ਇਕ ਲੇਖ ਅਨੁਸਾਰ ਇਸ ਪ੍ਰਸੰਗ ਵਿਚ ਉਸ ਦਾ ਅੰਤਮ ਨਿਰਣਾ ਇਹ ਸੀ ਕਿ "ਏਸ਼ੀਆ ਨੂੰ ਆਪਣੀ ਹਿਫਾਜ਼ਤ ਅਤੇ ਤਰੱਕੀ ਲਈ ਬਰਤਾਨੀਆ ਦੇ ਤਗੜੇ ਹੱਥ ਦੀ ਲੋੜ ਹੈ।" ਡਾ. ਹਰੀਸ਼ ਕੇ. ਪੁਰੀ ਦਾ ਵੀ ਇਹੋ ਮਤ ਹੈ ਕਿ "ਇਸ ਤਰ੍ਹਾ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਜਦੋਂ ਜੰਗ ਛਿੜੀ ਅਤੇ ਅਮਰੀਕਾ ਅਤੇ ਕੈਨੇਡਾ ਵਿਚਲੇ ਉਸ ਦੇ ਆਦਮੀਆਂ ਨੇ ਹਥਿਆਰਬੰਦ ਘੋਲ ਸ਼ੁਰੂ ਕਰਨ ਲਈ ਆਪਣੇ ਦੇਸ ਲਈ ਤੁਰਨਾ ਸ਼ੁਰੂ ਕਰ ਦਿੱਤਾ ਤਾਂ ਹਰਦਿਆਲ ਨੇ ਅਪਣਾਈ ਜਾਣ ਵਾਲੀ ਰਣਨੀਤੀ ਜਾਂ ਚੌਕਸੀ ਵਾਲੇ ਕਦਮਾਂ ਸੰਬੰਧੀ ਕੋਈ ਵੀ ਅਗਲੀ ਸੇਧ ਜਾਂ ਸਲਾਹ ਦੇਣ ਬਾਰੇ ਕਦੀ ਸੋਚਿਆ ਹੋਵੇ।"

ਡਾ. ਪੁਰੀ ਦਾ ਇਹ ਕਥਨ ਸਹੀ ਹੈ ਕਿ ਹਰਦਿਆਲ ਨੇ ਹਜ਼ਾਰਾਂ ਹਿੰਦੁਸਤਾਨੀ ਪਰਵਾਸੀਆਂ ਨੂੰ ਇਨਕਲਾਬ ਦੀ ਤਾਕਤ ਦੇ ਵਿਚਾਰ ਨਾਲ ਪ੍ਰੇਰਨਾ ਦਿੱਤੀ ਸੀ ਪਰ ਹੁਣ ਉਹ ਇਸ ਤੋਂ ਪੂਰੀ ਤਰ੍ਹਾਂ ਮੂੰਹ ਫੇਰ ਗਿਆ ਸੀ। ਇਸ ਸੂਰਤ ਵਿਚ ਇਹ ਲੋਕ ਬੋਲੀ ਲਾਲਾ ਹਰਦਿਆਲ ਉੱਤੇ ਪੂਰੀ ਤਰ੍ਹਾਂ ਢੁੱਕਦੀ ਹੈ ਕਿ "ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ ਤੇ ਛੱਡ ਕੇ ਮੈਦਾਨ ਭੱਜਗੇ" ਅਤੇ ਉਹ ਵੀ ਇਹ ਅਸੀਸ ਦਿੰਦੇ ਹੋਏ ਕਿ "ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ।"

***

**–ਡਾ. ਗੁਰਦੇਵ ਸਿੰਘ ਸਿੱਧੂ**
**# 3154, ਸੈਕਟਰ – 71,**
**ਮੋਹਾਲੀ – 160071,**
**ਮੋਬਾਈਲ: 94170–49417**

# ਵਿਗਿਆਨ ਭਵਨ (ਨਵੀਂ ਦਿੱਲੀ) ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਅੰਤਰ-ਰਾਸ਼ਟਰੀ ਸੈਮੀਨਾਰ ਦੀਆਂ ਝਲਕੀਆਂ:



ਸ੍ਰੀ ਸਤਿਗੁਰੂ ਜੀ ਚਿੱਤਰ ਪ੍ਰਦਰਸ਼ਨੀ ਨਿਹਾਰਦੇ ਹੋਏ।



ਵਿਦਵਾਨ ਸੱਜਣ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹੋਏ।



ਬੁਲਾਰੇ ਅਤੇ ਹੋਰ ਪਤਵੰਤੇ ਸੱਜਣ ਸ੍ਰੀ ਸਤਿਗੁਰੂ ਜੀ ਨਾਲ ਤਸਵੀਰ ਕਰਾਉਂਦੇ ਹੋਏ।



ਸ੍ਰੀ ਸਤਿਗੁਰੂ ਜੀ ਦੀਪ ਪ੍ਰਜਵਲਿਤ ਕਰਦੇ ਹੋਏ।



ਸੈਮੀਨਾਰ ਦੌਰਾਨ ਆਏ ਹੋਏ ਸਰੋਤੇ।



ਸੈਮੀਨਾਰ ਦੌਰਾਨ ਮਾਤਾ ਜੀ ਦਰਸ਼ਨ ਦਿੰਦੇ ਹੋਏ।



ਸੈਮੀਨਾਰ ਦੌਰਾਨ ਕੇਂਦਰੀ ਮੰਤਰੀ ਮਹੇਸ਼ ਕੁਮਾਰ ਜੀ ਨਾਲ ਸੁਰਿੰਦਰ ਸਿੰਘ ਨਾਮਧਾਰੀ, ਹ.ਸ ਹੰਸਪਾਲ, ਅਜੀਤ ਸਿੰਘ ਨਾਮਧਾਰੀ ਆਦਿ।



ਸਤਿਗੁਰੂ ਜੀ ਡਾ.ਮਹੇਸ਼ ਸ਼ਰਮਾ ਨਾਲ ਬਚਨ-ਬਿਲਾਸ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ।



ਖੱਬਿਓਂ-ਸੱਜੇ: ਸ੍ਰੀ ਅਵਿਨਾਸ਼ ਰਾਏ ਖੰਨਾ, ਕੇਂਦਰੀ ਮੰਤਰੀ ਡਾ.ਮਹੇਸ਼ ਸ਼ਰਮਾ, ਪ੍ਰੋ.ਰਾਜ ਕੁਮਾਰ ਵੀ.ਸੀ, ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ, ਪ੍ਰੋ.ਜਗਮੋਹਨ ਸਿੰਘ, ਡਾ.ਸੁਖਦੇਵ ਸਿੰਘ ਸਿਰਸਾ, ਡਾ.ਸੁਰਜੀਤ ਸਿੰਘ ਭੱਟੀ, ਵੀ.ਸੀ. ਡਾ.ਹਰਮੋਹਿੰਦਰ ਸਿੰਘ ਬੇਦੀ, ਡਾ.ਮਨਜੀਤ ਸਿੰਘ



ਖੱਬਿਓਂ-ਸੱਜੇ: ਸੁਵਰਨ ਸਿੰਘ ਵਿਰਕ, ਸੂ.ਤਰਲੋਚਨ ਸਿੰਘ, ਡਾ.ਕੁਲਦੀਪ ਸਿੰਘ, ਡਾ.ਸਰਬਜੀਤ ਸਿੰਘ, ਡਾ.ਰੇਣੂ ਦਿਵੇਦੀ, ਹਰਵਿੰਦਰ ਸਿੰਘ ਹੰਸਪਾਲ, ਸੂ. ਸੁਰਿੰਦਰ ਸਿੰਘ ਨਾਮਧਾਰੀ, ਸੂ. ਮਨਜੀਤ ਸਿੰਘ ਨਿੱਝਰ

## ਸ੍ਰੀ ਸਤਿਗੁਰੂ ਜੀ ਸੈਮੀਨਾਰ ਦੌਰਾਨ ਆਏ ਹੋਏ ਬੁਲਾਰਿਆਂ ਨੂੰ ਸਨਮਾਨ ਬਖਸ਼ਿਸ਼ ਕਰਦੇ ਹੋਏ।



ਸ੍ਰੀ ਅਵਿਨਾਸ਼ ਰਾਏ ਖੰਨਾ ਜੀ ਨੂੰ ਸਨਮਾਨ।



ਡਾ. ਸੰਜੇ ਕੌਸ਼ਕ ਜੀ ਨੂੰ ਸਨਮਾਨ।



ਸ੍ਰ. ਤਰਲੋਚਨ ਸਿੰਘ ਜੀ ਨੂੰ ਸਨਮਾਨ।



ਪ੍ਰੋ. ਰਾਜ ਕੁਮਾਰ ਵੀ.ਸੀ. ਜੀ ਨੂੰ ਸਨਮਾਨ।



ਡਾ. ਸੁਰਜੀਤ ਸਿੰਘ ਭੱਟੀ ਜੀ ਨੂੰ ਸਨਮਾਨ।



ਡਾ. ਮਨਜੀਤ ਸਿੰਘ ਜੀ ਨੂੰ ਸਨਮਾਨ।



ਡਾ. ਧਰਮ ਸਿੰਘ ਜੀ ਨੂੰ ਸਨਮਾਨ।



ਸ੍ਰ. ਮਨਜੀਤ ਸਿੰਘ ਨਿੱਝਰ ਜੀ ਨੂੰ ਸਨਮਾਨ।




ਡਾ. ਕੁਲਦੀਪ ਸਿੰਘ ਜੀ ਨੂੰ ਸਨਮਾਨ



ਡਾ. ਸਰਬਜੀਤ ਸਿੰਘ ਜੀ ਨੂੰ ਸਨਮਾਨ



ਪ੍ਰੋ. ਜਗਮੋਹਨ ਸਿੰਘ ਜੀ ਨੂੰ ਸਨਮਾਨ



ਸਵਰਨ ਸਿੰਘ ਸਨੇਹੀ ਜੀ ਨੂੰ ਸਨਮਾਨ



ਸੁਵਰਨ ਸਿੰਘ ਵਿਰਕ ਜੀ ਨੂੰ ਸਨਮਾਨ




ਸ੍ਰੀ ਸਤਿਗੁਰੂ ਜੀ ਮੀਡੀਆ ਨੂੰ ਸੰਬੋਧਨ ਕਰਦੇ ਹੋਏ।







ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ ਸੈਮੀਨਾਰ ਦੌਰਾਨ ਆਈਆਂ ਹੋਈਆਂ ਪ੍ਰਮੁੱਖ ਹਸਤੀਆਂ ਦੀ ਇੱਕ ਯਾਦਗਾਰੀ ਤਸਵੀਰ।

# KUKA MOVEMENT AND ITS FOUNDER

✍ – DR. FAUJA SINGH

IT is almost customary with our writers to extol the latter half of the 19th century in the history of our country as a period of renaissance or reformation or both. This is mainly for the reason that there emerged during this period a large number of movements which exercised far-reaching influence on the modernisation of our complex social fabric. They were not confined to any single community, but had within the orbit of their influence nearly all important sections of the Indian population. Among the Hindus there were the Brahmo Samaj (which had originated earlier, but reached its climax only after 1860), Prarthana Samaj, Arya Samaj, Ramakrishna Mission and the Theosophical Movement, some of which are extant even today. The Muslims had the Wahabi and Aligarh Movements. So far as the Sikhs are concerned, there was a well-known movement, the Kuka movement.

The Kuka Movement was not merely among the first to appear; it had what is more important a character of its own, which marked it off from the other movements of the period. Whereas the other movements devoted themselves entirely to social and religious reform activities, with the main emphasis on reexamination of the prevailing thought and practice in the light of both western impact and rediscovery of the ancient Indian glory and wisdom with a view to regeneration of the country's social and religious life, the Kuka Movement concentrated on these reforms primarily with the object of preparing the ground for the attainment of a political goal.

The work of the other movements cannot and should not be under-estimated. It was of a fundamental character. They created a re-awakening in the land. They were the leaders of the great enlightenment which set the country on the path of progress. The Kukas, now known as the Namdhari Sikhs, did participate in this great and much-valued task and their contribution in this respect is worthy of all respect.

Even so, it may be remembered that the Kukas, unlike the rest, took an integrated view of the problem facing the country and visualised the various questions, social, religious and political, in their true and proper perspective. To them the programme of social and religious uplift was of basic importance but more important was the question of freedom. As a matter of fact, the former was considered an essential preparatory work in the cause of political freedom, for the Kukas dreamt of indepedence from the British yoke, planned for it, devised a technique of struggle, threw themselves zealously into it and showed no faltering in making sacrifices, howsoever great, for it.

Another aspect, which gives the

movement of the Kukas a hallmark of distinctiveness, is its exclusive reliance on the indigenous source of inspiration. Ideas from the west, which had been gaining currency in the land for the last so many decades, do not seem to have cast any spell on them. For them the ideas of Guru Nanak and Guru Gobind Singh had everything that was necessary to meet the challenge of the times. They had, for instance, the concepts of unity of God, equality of all human beings, fraternity as the basis of all human relations and emancipation of women, besides that of fight against all forms of tyranny, social, religious, economic and political, reinforced by. a long and deep-rooted tradition of such a fight running through the larger part of the Sikh history. In the presence of this abundant wealth of healthy and wholesome principles of thought and action, the leaders of the Kuka Movement felt little fascination for the ideas from across the seas.

Such an important and interesting movement as that of the Kukas should have been better known and better appreciated. But it appears that its full significance is yet to be realised. This will be possible only when a thorough and objective study of the subject based on the contemporary data of official reports, c.i.d. reports, personal memoirs, judicial proceedings, and non-English sources is attempted. Such a study, to be meaningful and historically valuable, must rise above the prejudices which came into play soon after the emergence of this movement. There was a general tendency of looking askance on it at a time when loyalty to the British Crown was almost the ruling passion of the Indian intelligentsia. But those times are now long past, so that we can now look things straight in the face.

However, for the comparative obscurity of the movement, public prejudices of the late 19th century are not the only explanatory factor. The non-availability of books on the subject is even a more important cause. No doubt, there are quite a few books available in Punjabi, though not all of the requisite standard, but there is hardly any book in English, which may enlighten the non-Punjabi-speaking and non-Gurmukhi-reading people of India and the world about the Kukas. There is definitely a need for the production of a standard work collecting and collating all relevant facts and reassessing the role of their movement in the national evolution of Indian people. The sooner it is realised by the scholars of our history, the better it would be.

The founder of this remarkable movement was Guru Ram Singh, a man of great personal charm and magnetism, a seer gifted with many fine qualities of head and heart usually found in leaders of men. He came of a poor carpenter's family of village Bhaini Arayian (now called Sri Bhaini Sahib) of the Ludhiana District. It was a small community of Sikh Jat ownercultivators, among whom his father Jassa Sigh lived with his wife and children, quietly administering to the specified requirements of the place. Guru Ram Singh, was born in February 1816 on the night of the Basant Panchami and grew up from childhood to boy-hood and then to manhood under the fostering care of his pious and simple-minded parents in the midst of typical rural environments of the earlier part of the 19th

century.

Guru Ram Singh owed a lot to his mother, Sada Kaur, who nurtured him in the best spirit and traditions of Sikh religion and history. It was from her that he learnt how to read and write Panjabi in the Gurmukhi script and got his first lessons in the love and appreciation of Gurbani, the sacred literature of the Holy Book. The stories from the lives of the Gurus and Bhaktas that she would so often relate to the children, left an indelible mark on his young and impressionable mind. No wonder that he soon became as regular in the daily religious discipline as his mother was.

The first twenty years of Guru Ram Singh's life were spent at Bhaini Sahib his native place, attending to the family business. When he was about 20, he was prevailed upon by his maternal uncle Kabul Singh, himself a soldier, to get enlisted in the Khalsa army. Entering the military service of Maharaja Ranjit Singh in 1837, he remained in that position till 1845. He was attached to a regiment called after the name of Prince Nau Nihal Singh, a grandson of Ranjit Singh. This period was the most important part of his formative years. The movements of his regiment took him to places far and near all over the state and he came into contact with a much larger number of people, which greatly enriched his experience of men and their affairs. He also now acquired the opportunity of gaining a much more intimate knowledge of the Sikh religion and its literature. With his unmatched religious fervour and spotless character, he soon earned for himself the respected title of Bhai (literally brother, but figuratively one completely soaked in religiousness) and for his regiment the encomium of 'Bhagat' (of saints). A group of like-minded people like Baba Kahn Singh gathered around him, who later on proved to be the great pillars of the Kuka Movement.

In 1841, while on the way to Peshawar, Guru Ram Singh happened to meet Satguru Balak Singh at Hazru in the district of Campbellpur and immediately fell under his spell. Satguru Balak Singh, son of one Dial Singh of the village Sarvala in the Attock district, was a renowned saint, who had taken upon himself to lead a ceaseless campaign against the rot that was at the time corroding the Sikh society from within. Guru Ram Singh was deeply impressed with his sense of mission and lost no time in adopting him as his spiritual master. In the words of Ganda Singh, "Baba Balak Singh kindled in the heart of his disciple the light of missionary spirit which later turned into a resplendent flame." The period of service is also noted for having provided Guru Ram Singh with the occasion to observe at close quarters the manner in which the things were going on within the state.

After the death of Ranjit Singh in 1839, the affairs of the Kingdom of Lahore fell into less competent and weak hands. The court factions now came into full play and created an atmosphere of intrigue and counter-intrigue. Political stability was the worst victim and in less than 7 years between the death of the Great Maharaja and the outbreak of the First Anglo-Sikh War in 1845, "there were as many as seven changes of government, six of which were accompanied by violence and bloodshed." The rapid cracking up of the state resulted in much administrative and financial

chaos in the country and what is still worse, led to the loosening bonds of discipline in the army.

Guru Ram Singh could not tolerate this continuously worsening situation and became a severe critic of the all round deterioration in the standards of public behaviour. At moments, his righteous wrath was so intense and pronounced that he was warned by his seniors to refrain from this. With his foresight born of a deeper understanding of the laws of nature, he would often predict the fall of the Sikh power at no distant future. The tradition has it that before the First Anglo-Sikh War broke out in 1845, he threw his musket into the Sutlej and went home. He did this, not because he was devoid of patriotism or had no desire for victory over the enemy, but because he was convinced that the requisite conditions of success were utterly lacking. It was to the creation of these conditions that his life henceforth was to be dedicated.

On returning home after leaving the service, Guru Ram Singh took to cultivation in partnership with some of his fellow-villagers. In or about 1855 he returned to Bhaini Sahib and reopened his grocery in his village. Among other things, he supplied food grains, cloth and articles of iron to his fellow-villagers.

But the shop was only a matter of secondary importance for Guru Ram Singh. His heart was really elsewhere. He was dedicated to religion and pious and honest living. But more than that, he was interested in redeeming the people around him from a dull and barren life of ignorance, superstition and petty selfinterests by means of missionary work. The impulse to do so had been accentuated by his frequent visits to his spiritual master, Satguru Balak Singh, at Hazru. The last of them is believed to have happened about the beginning of 1857, during which he was commissioned to set about his work in right earnest. Hence on April 12, 1857 on Baisakhi day 1857, with a view to preparing them for a struggle against British imperialism, after prolonged and careful deliberations he made up his mind to take the first step in the direction. In the forming of this noble resolve, he was given most valuable assistance by some of his erstwhile colleagues of the Khalsa Army, who had, in the meantime, come to stay with him at Bhaini Sahib. Among the most trusted of them was one Baba Kahn Singh, who held the rank of a Havildar in the battalion in which Guru Ram Singh got enrolment and served.

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

# A SAGA OF SRI SATGURU JAGJIT SINGH JI

✍ –Dr. Sharada Jayagovind

The year 1920 was very significant in the life of Satguru Partap Singh ji and the Namdharis. It marked the birth of his son Beant ji, the future Satguru.

It was also the year of publication of the first issue of Satjug, the Punjabi weekly magazine, which played a key role in creating spiritual, political and social awareness among Namdharis. It became a powerful voice of freedom and the aspirations of Namdharis.

When Beant ji was born, the happy news reached Satguru Partap Singh ji, the father, who was at Nankana Sahib. He had gone there to attend the celebration of Guru Nanak's birthday. His Holiness considered it a good omen and intuitively felt that his son was marked for a great destiny.

The 1930s were an important period in the life of Satguru Partap Singh ji. The freedom of the motherland was the main objective of his work during this period. Satguru ji had formed a close rapport with the Congress leaders. He played a major role in the success of the Annual Session of the Congress held in 1929 at Lahore. Thousands of Namdharis participated in the procession with a hundred Namdhari horsemen leading. Mata Jivan Kaur ji, the mother of Satguru Partap Singh ji, ran the langar, feeding thousands of delegates who attended the session.

By the 1940s, Satguru Partap Singh ji was a force to reckon with in the political arena of Punjab and India. He was a powerful spiritual and political leader to whom even the Indian National Congress leadership looked up for guidance and support. During 1940s and 50s, he stood at the helm of the political affairs of Punjab. Beant ji, who was called Baba ji during his teens, was very proud of his father's role in the freedom struggle. His father's political strategies and sacrifices inspired Baba ji.

Baba ji carried out every command of Satguru Partap Singh ji. There is an interesting episode with regard to the visit of Pandit Jawaharlal Nehru to the birthplace of Guru Nanak. When Pandit ji visited Punjab on an election campaign, the Akalis were against the Congress. Satguru Partap Singh ji had extended support to the Congress and Pandit ji was close to the Satguru.

Pandit ji expressed a desire to visit Nankana Sahib, the birthplace of Guru Nanak and pay his respects. Satguru Partap Singh ji told him that it was a risky and difficult proposition as the place was under the control of the Akalis. Yet, Satguru Partap Singh ji entrusted this task to his son Baba ji. Like Hanuman who executes the order of Sri Rama, Baba ji undertook this challenging task.

Baba ji and his youth wing formed a ring around Pandit ji who was dressed in white. They swiftly walked with him inside the gurdwara and before the priest could realise who the visitor was, the darshan was over.

In October 1934, Satguru Partap Singh ji organized the Guru Nanak Naam Leva Conference at Sri Bhaini Sahib to bring together all followers of Guru Nanak, irrespective of the sect to which they belonged. The conference was a big success as all Sikh leaders agreed to work together for the freedom of the motherland. The Sarav Sampardai Conference, Hindu Sikh Milaap Conference, and the 1939 State People's Conference at Ludhiana were all part of this vision to unite Sikhs and Hindus together and put an end to the foreign rule.

Satguru Partap Singh ji worked with leaders such as Pandit Jawaharlal Nehru, Master Tara Singh, Dr. Saifuddin Kitchlew and Pattabhi Sitaramayya for Indian Independence.

Satguru ji organized Gurmat Sangeet Sammelan in 1933 to promote Gurmat Sangeet and the use of stringed instruments like dilruba, santoor, sarod and sitar during the kirtans and singing of the Gurbani.

The State People's Conference, held in February 1939, in Ludhiana marked the emergence of Satguru Partap Singh ji as a national leader. The conference on Punjabi language was held in 1942 at Sri Bhaini Sahib. In March 1943, at the Hola festival, Satguru Partap Singh ji organized a Hindu-Sikh Reconciliation Conference. Harmony among different communities and the cause of protecting cows from slaughter houses were the main themes. Baba ji and his team of young men assumed the responsibility of making arrangements for the delegates and conducting the sessions. Baba ji actively participated in these conferences as an organizer implementing the orders of his father, Satguru Partap Singh ji.

**to be continue.......**

# ਕਾਵਿ-ਕਿਆਰੀ

## ਨਾਮਧਾਰੀ ਸ਼ਹੀਦ

(ਸ੍ਰੀਮਾਨ , ਲਾਲ ਸਿੰਘ ਜੀ 'ਕੰਵਰ)

ਚੀਨੀ ਵਾਲੇ ਮਾਹੀ ਨੂੰ ਗਊਆਂ ਵਾਲਾ ਕਹਿ ਦਿਆਂ ਜੇ,
ਤਾਂ ਭੀ ਤੇਰੀ ਕਾਨ੍ਹ ਨਾਲੋਂ ਸ਼ਾਨ ਨੂੰ ਘਟਾਈ ਜਾਵੇ!
ਤੱਕ ਲਏ ਜੇ ਪਿਆਰ ਤੇਰੇ ਪਿਆਰਿਆਂ ਦਾ ਗਊਆਂ ਨਾਲ,
ਕ੍ਰਿਸ਼ਨ ਦੇ ਵੀ ਮੂਹੋਂ ਓਹਦੀ ਉਪਮਾ ਸੁਨਾਈ ਜਾਵੇ!
ਸੁੱਕੀ ਹੋਈ ਕਲਮ ਮੇਰੀ ਮੋਤੀਏ ਦੀ ਸ਼ਾਖ ਹੋਕੇ,
ਫੁੱਲਾਂ ਵਾਲੀ ਮਾਲਾ ਤੇਰੇ ਬੀਰਾਂ ਨੂੰ ਪਹਿਨਾਈ ਜਾਵੇ।
ਚਾਰ ਚੰਨ ਲਾ ਕੇ ਤੇਰੇ ਹੀਰਿਆਂ ਦੇ ਨਾਮ ਤਾਈਂ,
ਪਾਪੀਆਂ ਦੇ ਨਾਮ ਕਾਲੀ ਨਦੀ ਚ ਡੁਬਾਈ ਜਾਵੇ!

ਜਦੋਂ ਭੀ ਕਸਾਈਆਂ ਵਾਲੀ ਛੁਰੀ ਮੈਨੂੰ ਯਾਦ ਆਵੇ,
ਸੁੱਕ ਜਾਂਦਾ ਗਲਾ ਤੇ ਜ਼ਬਾਨ ਨ ਹਿਲਾਈ ਜਾਵੇ!
ਖੂਨ ਭਰੀ ਛੁਰੀ ਏਦਾਂ ਗਾਈਆਂ ਉਤੇ ਚਲਦੀ ਸੀ,
ਜਿਵੇਂ ਮੈਲੀ ਅੱਖ ਕਿਸੇ ਦੇਵੀ ਤੇ ਟਿਕਾਈ ਜਾਵੇ!
ਕੋਟਲੇ ਦੇ ਵਿਚ ਫੇਰ ਦੂਤੀਆਂ ਦਾ ਨਾਸ ਹੋਨਾ,
ਕਿਹੜੇ ਮੁੱਖ ਨਾਲ ਓਹਦੀ ਕੀਤੀ ਵਡਿਆਈ ਜਾਵੇ!
ਜ਼ਾਲਮਾਂ ਦੀ ਖੂਨੀ ਤਲਵਾਰ ਵੀ ਨਸਾਰ ਹੋ ਹੋ,
ਤੁਬਕਿਆਂ ਦੇ ਹਾਰ ਇਕ ਇਕ ਨੂੰ ਪਹਿਨਾਈ ਜਾਵੇ!

ਕੁੱਤਿਆਂ ਕਬੂਲਿਆ ਨਾ ਖੂਨ ਗਊ ਘਾਤੀਆਂ ਦਾ,
ਪੈਰਾਂ ਦਿਆਂ ਕੱਖਾਂ ਹੇਠਾਂ ਆਪ ਨੂੰ ਲੁਕਾਈ ਜਾਵੇ!
ਭਿਜਦੀ ਨ ਖੂਨ ਵਿਚ ਦਿਨ ਦੀ ਨਿਗਾਹ ਕੀਕੂ,
ਜਾਂਦੀ ਜਾਂਦੀ ਵਾ ਨੂੰ ਭੀ ਲਾਲ ਓ ਬਨਾਈ ਜਾਵੇ!
ਲੂੰ ਲੂੰ ਦੇ ਵਿਚੋਂ ਓਦੋਂ ਟੁੱਟਦੇ ਪਰਾਨ ਮੇਰੇ,
ਫੋਟੋ ਜਦੋਂ ਗੋਲਿਆਂ ਦੀ ਨੈਨਾਂ ਨੂੰ ਵਖਾਈ ਜਾਵੇ!
ਇਕ ਇਕ ਹੀਰੇ ਨੂੰ ਕਤਾਰ ਵਾਲੀ ਲੜੀ ਵਿਚੋਂ,
ਕੱਢ ਕੱਢ ਮੌਤ ਨਿਗ੍ਹਾ ਤੋਪ ਦੀ ਟਿਕਾਈ ਜਾਵੇ!

ਰਿਖੀਆਂ ਦੇ ਸਾਸ ਅਗੇ ਮਹਿਕਦਾ ਏ ਨਾਮ ਜਿਵੇਂ,
ਜਿਵੇਂ ਹੋਮ ਕੁੰਡ ਵਿਚੋਂ ਵਾਸਨਾ ਖਿੰਡਾਈ ਜਾਵੇ!
ਤਿਵੇਂ ਨਾਮਧਾਰੀ ਦਾ ਸਰੀਰ ਉਡੇ ਤੋਪ ਅਗੇ,
ਅੰਬਰਾਂ ਜ਼ਮੀਨਾਂ ਉਤੇ ਜਸ ਨੂੰ ਫੈਲਾਈ ਜਾਵੇ!
ਗੋਲੇ ਦੀ ਚਮਕ ਅਗੇ ਖਿੜ ਜਾਂਦਾ ਫੁਲ ਵਾਂਗੂੰ,
ਹੱਸ-ਹੱਸ ਦਿਲ ਵਿਚੋਂ ਚਾਨਨੀ ਖਿੰਡਾਈ ਜਾਵੇ!
ਉੱਡ ਉੱਡ ਤੋਪ ਦਾ ਕਲੇਜਾ ਪਿਆ ਬਾਹਰ ਆਉਂਦਾ,
(ਜਦੋਂ) ਛੋਟਾ ਜਿਹਾ ਬੱਚਾ ਬਦੋ ਬਦੀ ਅਗੇ ਆਈ ਜਾਵੇ!

ਤੋਪ ਦੇ ਨਿਸ਼ਾਨੇ ਅਗੋਂ-ਆਪ ਨੂੰ ਹਟਾਂਵੰਦਾ ਨਾ,
ਜਿਵੇਂ ਸੋਹਨੀ ਚੀਜ ਵਲੋਂ ਅੱਖ ਨ ਭਵਾਈ ਜਾਵੇ!
ਛੱਡਦਾ ਨ ਖਹਿੜਾ ਓ ਇਵਾਨਿਆਂ ਦੇ ਵਾਂਗ ਉੱਕਾ,
ਮੌਤ ਅਜੇ ਦਾ ਲਾ ਕੇ ਕੰਨੀ ਖਿਸਕਾਈ ਜਾਵੇ!
ਵੇਖ ਓਹਦੀ ਧੌਣ ਉਤੇ ਪੈਂਦੀ ਤਲਵਾਰ ਤਿੱਖੀ,
ਪਾਪੀਆਂ ਦੇ ਦਿਲਾਂ ਵਿਚ ਪਾਪ ਮੂੰਹ ਛਪਾਈ ਜਾਵੇ!
ਪਾਣੀ ਪਾਣੀ ਹੋਕੇ ਨਦੀ ਨਾਲੇ ਸਭ ਰੋਨ ਲਗੇ,
ਦਿਨ ਦੇ ਵੀ ਕੋਲੋਂ ਉੱਕੀ ਵਾਟ ਨ ਮੁਕਾਈ ਜਾਵੇ!
ਪਾਪ ਦੀਆਂ ਜੜਾਂ ਵਿਚ ਖੂਨ ਉਹਨਾਂ ਜੋਧਿਆਂ ਦਾ,
ਤੇਲ ਹੋਕੇ ਪਿਆ ਹੈਸੀ ਸੋਚ ਜੇ ਦੁੜਾਈ ਜਾਵੇ!
'ਕੰਵਰ' ਤੇਰੇ ਪ੍ਰੇਮੀਆਂ ਨੇ ਪਾਪੀਆਂ ਦਾ ਨਾਸ ਕੀਤਾ,
ਕਿਉਂ ਨਾਂ ਤੇਰੇ ਪ੍ਰੇਮ ਉਤੋਂ ਜਿੰਦ ਵੀ ਘੁਮਾਈ ਜਾਵੇ!

## ਉਠ ਆਪਣੀ ਤੋਪ ਚਲਾ ਕਾਵਨ

**-ਬਲਜੀਤ ਸਿੰਘ ਭੱਟੀ ਖਾਪੜ ਖੇੜੀ**

ਉਠ ਆਪਣੀ ਤੋਪ ਚਲਾ ਕਾਵਨ
ਹੁਣ ਹੁਕਮ ਇਲਾਹੀ ਆਇਆ ਏ।
ਗਊ ਗਰੀਬ ਦੇ ਕਸ਼ਟ ਮਿਟਾਵਣ ਲਈ,
ਭਾਰਤ ਦੇਸ ਆਜ਼ਾਦ ਕਰਾਵਣ ਲਈ.
ਏਨਾਂ ਹੁਣ ਬੀੜਾ ਚਾਹਿਆ ਏ।
ਉਠ ਆਪਣੀ ਤੋਪ ........

ਹੁਣ ਤੱਕ ਲੈ ਏਨਾਂ ਬੀਰਾਂ ਨੂੰ,
ਚੀਨੀ ਵਾਲੇ ਦੇ ਮਸਤ ਫਕੀਰਾਂ ਨੂੰ,
ਹੀਰਾ ਸਿੰਘ ਨੇ ਆਖ ਸੁਣਾਇਆ ਏ।
ਉਠ ਆਪਣੀ ਤੋਪ .........

ਵਰਿਆਮ ਸਿੰਘ ਉਠ ਸਾਹਮਣੇ ਆਇਆ,
ਉਹਨੇ ਭੱਜ ਇੱਟਾਂ ਦਾ ਥੜ੍ਹਾ ਬਣਾਇਆ,
ਪਿੱਛੇ ਰਹਿਣਾ ਮੂਲ ਨ ਪਾਇਆ ਏ।
ਉਠ ਆਪਣੀ ਤੋਪ ..........

ਇਹ ਮੌਤੋਂ ਨ ਡਰਦੇ ਨੇ,
ਚੀਨੀ ਵਾਲੇ ਦੇ ਲਾਡ ਲਡਿਕੇ ਨੇ,
ਹੁਣ ਬਹੁਤੀ ਦੇਰ ਨ ਲਾ ਕਾਵਨ,
ਸਾਨੂੰ ਹੁਕਮ ਇਲਾਹੀ ਆਇਆ ਏ।
ਉਠ ਆਪਣੀ ਤੋਪ ............

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਇੱਥੇ ਤੁਸੀਂ ਮੇਰੇ ਮਹਿਮਾਨ, ਅਤਿੱਥੀ ਹੋ ਅਤੇ ਮੇਰੇ ਰਹਿਮ ਤੇ ਹੋ। ਉੱਥੇ ਤੁਸੀਂ ਹਾਕਮ ਹੁੰਦੇ ਹੋ ਤੇ ਮੈਂ ਮਹਿਕੂਮ ! ਉਥੇ ਜੇ ਮੈਂ ਚੁੱਪ ਕਰਾਂ, ਤੁਸੀਂ ਸਗੋਂ ਸਖਤੀ ਕਰਦੇ ਹੋ। ਇਥੇ ਤੁਸੀਂ ਮੇਰੇ ਅਧੀਨ ਹੈ। ਸਾਡੀ ਨਾਮਧਾਰੀ ਜਾਂ ਕੂਕਾ ਪੰਥ ਦੀ ਮਰਯਾਦਾ ਤੇ ਵਿਧਾਨ ਸਾਨੂੰ ਆਗਿਆ ਨਹੀਂ ਦੇਂਦੇ ਕਿ ਘਰ ਆਏ ਦੋਸਤ ਜਾਂ ਦੁਸ਼ਮਣ ਵਿਚ ਵਿਤਕਰਾ ਕਰ ਕੇ ਚੰਗਾ ਜਾਂ ਮੰਦਾ ਸਲੂਕ ਕਰੀਏ। ਨਹੀਂ ਤਾਂ ਅੱਜ ਤੁਸੀਂ ਇਥੋਂ ਜ਼ਿੰਦਾ ਕਿਵੇਂ ਜਾ ਸਕਦੇ ਸਉ ? ਬਾਕੀ ਰਹੀ ਗੱਲ ਤੁਹਾਡੀ ਦੋਸਤੀ ਦੀ। ਇਹ ਨਾ ਮੁਮਕਿਨ ਹੈ। ਅੱਗੇ ਤੁਸੀਂ ਸਤਾਰਾਂ ਵਾਰ ਮੈਨੂੰ ਗ੍ਰਿਫ਼ਤਾਰ ਕਰ ਕੇ, ਝੂਠੇ ਕੇਸ ਬਣਾ ਕੇ, ਕਾਫੀ ਝਖ ਮਾਰ ਲਈ ਹੈ ਅਤੇ ਹੁਣ ਟਲਣਾ ਤੁਸੀਂ ਅਠਾਰਵੀਂ ਵਾਰ ਵੀ ਨਹੀਂ। ਪਰ ਜਿੰਨਾ ਜੀ ਚਾਹੇ ਜੋਰ ਲਾ ਲੈਣਾ, ਮੇਰਾ ਸਤਿਗੁਰੂ ਮੇਰੇ ਅੰਗ ਸੰਗ ਹੈ। ਮੇਰੇ ਸ਼ਾਂਤੀ ਦੇ ਅਵਤਾਰ ਗੁਰੂ ਨੇ ਮੈਨੂੰ ਤੱਤੀ ਵਾ ਨਹੀਂ ਜੇ ਲਗਣ ਦੇਣੀ। ਮੈਂ ਅੱਜ ਤੀਕ ਤੁਹਾਡੇ ਕੋਲੋਂ ਗ੍ਰਿਫ਼ਤਾਰ ਤੇ ਹੋ ਨਹੀਂ ਸਕਿਆ, ਨਾ ਹੀ ਹੋ ਸਕਾਂਗਾ, ਜਿੰਨਾ ਚਿਰ ਮੇਰਾ ਆਪਣਾ ਹੀ ਜੀਅ ਨਾ ਚਾਹੇ। ਮੈਂ ਤੁਹਾਨੂੰ ਆਜ਼ਾਦ ਕਰਦਾ ਹਾਂ। ਦਸਾਂ ਪੰਦਰਾਂ ਦਿਨਾਂ ਤੀਕ ਮੈਂ ਆਪਣੇ ਗੁਰੂ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਵਾਂਗਾ। ਉਥੇ ਮੈਨੂੰ ਗ੍ਰਿਫ਼ਤਾਰ ਕਰ ਕੇ ਤੁਸਾਂ ਗੇਂਦੇ ਦੇ ਕਤਲ ਦਾ ਵੀ ਗੁਭ ਗੁਬਾਰ ਕੱਢ ਲੈਣਾ।"

"ਸਾਡੇ ਪਸਤੌਲ ?"

"ਪਸਤੌਲ ਤੁਹਾਡੇ ਮੇਰੇ ਕਿਸੇ ਕੰਮ ਨਹੀਂ। ਭਾਵੇਂ ਮੇਰੇ ਇਹ ਰਾਜਪੂਤ ਠਾਕਰ ਚੌਧਰੀ ਪਸਤੌਲ ਵਾਪਸ ਕਰਨ ਦੇ ਹੱਕ ਵਿਚ ਨਹੀਂ, ਪਰ ਮੈਂ ਉਨ੍ਹਾਂ ਅੱਗੇ ਹੱਥ ਜੋੜ ਕੇ ਮਨਾ ਲਵਾਂਗਾ। ਸਾਨੂੰ ਤੇ ਸਾਡੇ ਚੀਨੀ ਵਾਲੇ ਸਤਿਗੁਰੂ ਰਾਮ ਸਿੰਘ ਨੇ ਇਹ ਇਕ ਸੌ ਅੱਠ ਗੋਲੇ ਦੀ ਤੋਪ ਮਾਲਾ ਬਖ਼ਸ਼ੀ ਹੈ, ਜਿਸ ਨੇ ਹਿੰਦ ਤੇ ਗਰੀਬ ਦੇ ਦੁਸ਼ਮਣਾਂ ਨੂੰ ਚੁਣ ਚੁਣ ਕੇ ਖ਼ਤਮ ਕਰਨਾ ਹੈ। ਫਿਰ ਆਵਾਜ਼ ਮਾਰ ਕੇ - ਭੈਣ ਜੀ ! ਇਨ੍ਹਾਂ ਸੂਰਮਿਆਂ ਦੇ ਹਥਿਆਰ, ਪਸਤੌਲ ਇਨ੍ਹਾਂ ਨੂੰ ਲਿਆ ਦਿਓ।"

ਓਹ ਕੁੜੀ ਜਿਹੜੀ ਦਲੀਪ ਨੂੰ ਲੈ ਕੇ ਆਈ ਸੀ। ਪਸਤੌਲ ਲਿਆ ਕੇ ਖ਼ਾਲੀ ਕਰ ਕੇ ਸਾਡੇ ਹੱਥ ਫੜਾਉਂਦਿਆਂ ਦਲੀਪ ਨੂੰ ਸੰਬੋਧਨ ਕਰ ਕੇ ਬੋਲੀ:

"ਵੀਰ ! ਮੇਰਾ ਇਨਾਮ ?"

"ਸਾਹਿਬ, ਮੇਰੀ ਛੜੀ ਤੇ ਇਕ ਹਜ਼ਾਰ ਰੁਪਈਆ?"

ਇਸ ਗੱਲ ਦਾ ਨਾ ਮੈਂ ਕੋਈ ਜਵਾਬ ਦਿੱਤਾ ਨਾ ਦਲੀਪ ਨੇ। ਪਸਤੌਲ ਕਾਰਤੂਸ ਤੋਂ ਬਿਨਾਂ ਖ਼ਾਲੀ ਸਨ। ਪਰ ਅਸੀਂ ਉਂਝ ਹੀ ਲੈ ਕੇ ਲੱਖ ਵੱਟਿਆ।

"ਚੰਗਾ ਜਾਓ ! ਮੈਨੂੰ ਇਹ ਪਹਿਲਾਂ ਹੀ ਪਤਾ ਸੀ ਕਿ ਤੁਸੀਂ ਪੁਲਸੀਏ ਬਚਨ ਦੇ ਪੂਰੇ ਨਹੀਂ ਹੁੰਦੇ। ਮੇਰੇ ਵਿਚ ਹਿੰਮਤ ਹੋਈ ਤਾਂ ਮੈਂ ਤੇ ਆਪਣੀ ਚੀਜ਼ ਲੇ ਹੀ ਲਵਾਂਗਾ। ਭੈਣ ਜੀ ਐਵੇਂ ਰਹਿਣਗੇ। ਖ਼ੈਰ !"

ਇਹ ਆਖ ਉਸ ਉੱਚੀ ਜਿਹੀ "ਸਤਿ ਸ੍ਰੀ ਅਕਾਲ" ਦਾ ਨਾਹਰਾ ਲਾਇਆ। ਜਿਸ ਨੂੰ ਸੁਣ ਕੇ ਚਾਰ ਪੰਜ ਬੀਕਾਨੇਰੀਏ ਜਿਹੇ ਠਾਕਰ ਨਿਕਲ ਆਏ। ਦੋ ਕਸੇ ਕਸਾਏ ਊਠ ਆ ਗਏ। ਜਿਵੇਂ ਕਿ ਉਹ ਪਹਿਲਾਂ ਹੀ ਤਿਆਰ ਸਨ। ਉਨ੍ਹਾਂ ਆ ਕੇ ਕਿਹਾ:

"ਕੀ ਹੁਕਮ ਹੈ ਸੰਤ ਜੀ?"

"ਇਹਨਾਂ ਦੋਹਾਂ ਨੂੰ ਇਕ ਇਕ ਊਠ ਤੇ ਵਿਚਕਾਰਲੇ ਆਸਣ ਤੇ ਬਿਠਾ ਕੇ ਅੱਖਾਂ ਬੰਨ੍ਹ ਕੇ, ਭੋਲੋ ਵਾਲੀ ਦੇ ਨਜ਼ਦੀਕ ਛੱਡ ਆਓ। ਵੇਖਣਾ ਕੋਈ ਤਕਲੀਫ ਨਾ ਹੋਵੇ। ਇਹ ਸਾਡੇ ਸੱਜਣ ਹਨ।"

ਸਾਨੂੰ ਊਠਾਂ ਤੇ ਸਵਾਰ ਕਰਾਇਆ ਗਿਆ। ਰਸਤੇ ਵਿਚ, ਜੋ ਸਾਡੇ ਅੱਗੇ ਤੇ ਪਿੱਛੇ ਦੋ ਦੋ ਬੰਦੇ ਬੈਠੇ ਹੋਏ ਸਨ, ਉਨ੍ਹਾਂ ਨੂੰ ਅਸੀਂ ਕਈ ਗੱਲਾਂ ਪੁੱਛੀਆਂ, ਪਰ ਉਹ ਇੰਝ ਰਹੇ ਜਿਵੇਂ ਨਾ ਉਨ੍ਹਾਂ ਨੂੰ ਬੋਲਣਾ ਆਉਂਦਾ ਹੈ ਤੇ ਨਾ ਹੀ ਕੁਝ ਸੁਣਦਾ ਹੈ। ਬਹੁਤ ਜ਼ੋਰ ਲਾਉਣ ਤੋਂ ਇਕ ਨੇ ਕੇਵਲ ਇਹ ਕਿਹਾ ਕਿ, "ਸਾਨੂੰ ਸਾਡੇ ਸੰਤ ਜੀ ਮਹਾਰਾਜ ਦਾ ਹੁਕਮ ਹੈ ਕਿ ਰਸਤੇ ਤੁਰਦਿਆਂ ਗੱਲਾਂ ਨਹੀਂ ਕਰਨੀਆਂ। ਨਾਮ ਜਪਣਾ 'ਕਾਰਜਿ ਕਾਮਿ ਬਾਟ ਘਾਟ ਜਪੀਜੈ' ਗੁਰਬਾਣੀ ਦਾ ਹੁਕਮ ਹੈ।"

"ਕੀ ਤੁਸੀਂ ਬਾਗੜੀ ਬਾਣੀ ਪੜ੍ਹਣ ਜਾਣਦੇ ਹੋ ?"

"ਸੰਤਾਂ ਦੀ ਸੰਗਤ ਕਰਕੇ ਗੁਰਮੁਖੀ ਪੜ੍ਹਨ ਲਗ ਗਏ ਹਾਂ। ਬਾਣੀ ਪੜ੍ਹ ਲੈਂਦੇ ਹਾਂ। ਤੁਸੀਂ ਵੀ ਗੱਲਾਂ ਨਾ ਕਰੋ ! ਮਨ ਨੂੰ ਰੱਬ ਵੱਲ ਜੋੜ ਕੇ ਆਪਣੇ ਪਾਪਾਂ ਦਾ ਪ੍ਰਾਸਚਿਤ ਕਰੋ।"

ਉਨ੍ਹਾਂ ਹਿੱਛ ਹਿੱਛ ਕਰ ਕੇ ਊਠ ਬਿਠਾ ਕੇ ਸਾਨੂੰ ਉਤੋਂ ਲਾਹ ਕੇ ਕਿਹਾ, ਇਥੋਂ ਭੋਲੇ ਵਾਲੀ 'ਮੈਕਲੋਡ ਗੰਜ ਰੋਡ ਕੋਈ ਮੀਲ ਕੁ ਦੇ ਕਰੀਬ ਹੈ। ਹੌਲੀ ਹੌਲੀ ਤੁਰੇ ਜਾਓ। ਅੱਖਾਂ ਇਕ ਦੂਜੇ ਨੇ ਆਪ ਖੋਲ੍ਹ ਲੈਣੀਆਂ। ਉਥੇ ਤੁਹਾਡੇ ਘੋੜੇ ਮਿਲ ਜਾਣਗੇ। ਐਤਕੀ ਤੁਸੀਂ ਬਚ ਗਏ ਮੁੜ ਇਧਰ ਆਉਣ ਦੀ ਖੇਚਲ ਨਾ ਕਰਨਾ ਅਤੇ ਨਾ ਹੀ ਸੰਤ ਭਗਵਾਨ ਸਿੰਘ ਜੀ ਮਹਾਰਾਜ ਨੂੰ ਤੰਗ ਕਰਨਾ। ਤੁਹਾਡੇ ਜਿਹਾ ਵਧੀਆ ਸ਼ਿਕਾਰ ਜ਼ਿੰਦਗੀ ਵਿਚ ਕਦੀ ਕਦਾਈਂ ਹੀ ਮਿਲਦਾ ਹੈ ਪਰ ਕੀ ਕਰੀਏ ? ਸੰਤ ਜੀ ਨੇ ਸਾਨੂੰ ਜੀਵ ਹੱਤਿਆ ਕਰਨ ਤੋਂ ਵਰਜ ਦਿੱਤਾ ਹੈ। ਇਹ ਆਖ ਉਹ ਬਿਨਾਂ ਸਾਡੇ ਜਵਾਬ ਦੀ ਉਡੀਕ ਕਰਨ ਦੇ ਊਠ ਨਸਾ ਕੇ ਪੱਤਰਾ ਵਾਚ ਗਏ । ਜਦ ਤੀਕ ਅਸੀਂ ਇਕ ਦੂਜੇ ਦੀਆਂ ਅੱਖਾਂ ਤੋਂ ਪੱਟੀ ਖੋਲ੍ਹੀ ਉਹ ਅੱਖਾਂ ਤੋਂ ਓਝਲ ਹੋ ਚੁੱਕੇ ਸਨ।

ਅਸੀਂ ਖੱਜਲ ਖੁਆਰ ਹੁੰਦੇ, ਇਕ ਦੂਜੇ ਤੋਂ ਸ਼ਰਮਾਉਂਦੇ, ਝਿਝਕਦੇ, ਮੈਕਲੋਡ ਗੰਜ ਪੁੱਜੇ। ਜਿੱਥੇ ਸਾਨੂੰ ਰਿਆਸਤ ਬਹਾਵਲ ਪੁਰ ਦੀ ਹੋਰ ਪੁਲਿਸ ਵੀ ਆ ਮਿਲੀ। ਅਸੀਂ ਸ਼ਰਮ ਦੇ ਮਾਰਿਆਂ ਕੋਈ ਵੀ ਗੱਲ ਕਿਸੇ ਨੂੰ ਨਾ ਦੱਸੀ। ਘੋੜਿਆਂ ਤੇ ਊਠਾਂ ਤੇ ਅਸੀਂ ਉਸ ਥਾਂ ਦਾ ਚੱਪਾ ਚੱਪਾ ਫੋਲ ਮਾਰਿਆ, ਪਰ ਸਾਨੂੰ ਮੁੜ ਅੜਬੰਗੀ ਦੀ ਝੁੱਗੀ ਦਾ ਪਤਾ ਨਾ ਲੱਗ ਸਕਿਆ। ਇੱਕ ਹਫ਼ਤਾ ਅਸੀਂ ਉੱਥੇ ਹੀ ਖੱਜਲ ਖੁਆਰ ਹੁੰਦੇ ਰਹੇ। 30-35 ਮੀਲ ਦਾ ਘੇਰਾ ਛਾਣ ਮਾਰਿਆ। ਮੁਖਬਰਾਂ ਨੂੰ ਲਾਲਚ ਦਿੱਤੇ ਪਰ ਅੜਬੰਗੀ ਦਾ ਕੋਈ ਵੀ ਪਤਾ ਨਾ ਲੱਗਾ।

## ੫

ਇਕ ਦਿਨ ਮੈਂ ਤੇ ਖੰਡਾ, ਕੁਝ ਸਾਥੀਆਂ ਨਾਲ, ਮੈਕਲੋਡ ਗੰਜ ਤੋਂ 14-15 ਮੀਲ ਦੀ ਵਿੱਥ ਤੇ ਫਿਰਦੇ ਪਏ ਸਾਂ।ਦੱਖਣ ਵਲੋਂ 'ਬਚਾਓ ਬਚਾਓ' ਦੀ ਆਵਾਜ਼ ਆ ਰਹੀ ਸੀ। ਨਾਲੇ ਕੋਈ ਕਹਿ ਰਿਹਾ ਸੀ, "ਹਾਇ ਮੈਂ ਬਰਬਾਦ ਹੋ ਗਿਆ! "ਹਾਇ ਮੈਂ ਲੁੱਟਿਆ ਗਿਆ! ਡਾਕੂ ਓਇ ! ਡਾਕੂ, ਕੋਈ ਮੈਨੂੰ ਬਚਾਓ! ਬਹੁੜੋ!!"

ਭਾਵੇਂ ਸਾਨੂੰ ਪਿਛਲਾ ਕਾਫ਼ੀ ਤਲਖ਼ ਤਜਰਬਾ ਸੀ ਫਿਰ ਵੀ ਉਸ ਅਵਾਜ਼ ਵਿਚ ਪਤਾ ਨਹੀਂ ਅਜਿਹੀ ਕੀ ਮਿਕਨਾਤੀਸੀ ਕਸ਼ਸ਼ ਸੀ, ਸਾਡੇ ਪੈਰ ਬਦੋ ਬਦੀ ਉਧਰ ਨੂੰ ਉੱਠ ਤੁਰੇ। ਕੋਲ ਜਾ ਕੇ ਅਸੀਂ ਡਿਠਾ, ਇਕ ਜੱਟ ਬੈਠਾ ਰੋ ਰਿਹਾ ਸੀ। ਉਸ ਦੀ ਸੱਜੀ ਬਾਂਹ ਲਹੂ ਨਾਲ ਲੋਥੂ ਪੋਥੂ ਹੋਈ ਦਿਸ ਰਹੀ ਸੀ, ਜਿਸ ਵਿਚੋਂ ਅਜੇ ਵੀ ਖੂਨ ਵਗਦਾ ਪਿਆ ਸੀ। ਉਸ ਦੇ ਕੋਲ ਹੀ ਬਿਨਾਂ ਬੈਲਾਂ ਤੋਂ ਇਕ ਗੱਡਾ ਖਲੋਤਾ ਸੀ ਜਿਸ ਉੱਤੇ ਇਕ ਬਹੁਤ ਸੁਚੱਜੇ ਕਾਰੀਗਰ ਦੀ ਤਿਆਰ ਕੀਤੀ ਹੋਈ ਪੇਟੀ ਖੁੱਲੀ ਪਈ ਸੀ। ਉਸ ਵਿਚੋਂ ਕੁਝ ਕੱਪੜੇ, ਕੁਝ ਫੁਲਕਾਰੀਆਂ, ਖਿੰਡੀਆਂ ਖੁੰਡੀਆਂ ਪਈਆਂ ਸਨ। ਇਕ ਲੱਕੜ ਦਾ ਰੰਗੀਨ ਡੱਬਾ ਕੋਲ ਪਿਆ ਸੀ। ਜਿਸ ਵਿਚ ਦੇ ਸੋਨੇ ਦੀਆਂ ਡੰਡੀਆਂ ਅਤੇ ਤੁੰਗਲ ਜਿਹੇ ਦੂਹਰੇ ਤੀਹਰੇ ਹੋਏ ਪਏ ਸਨ।

ਉਸ ਦੀ ਦਾੜ੍ਹੀ ਚਾੜ੍ਹੀ ਹੋਈ ਸੀ। ਤੇੜ ਭੋਥਾ, ਮਲਮਲ ਦੀ ਲੰਮੀ ਜਿਹੀ ਕਮੀਜ ਅਤੇ ਸਿਰ ਤੇ ਸੂਹੇ ਰੰਗ ਦੀ ਪੱਗ ਸੀ ਜੋ ਉਸ ਦੇ ਰੰਗ ਦੇ ਨਾਲ ਹੀ ਮਿਲ ਗਈ ਸੀ।

ਮੈਂ ਜਦ ਨੇੜੇ ਗਿਆ, ਪਹਿਲਾਂ ਤਾਂ ਉਹ ਡਰਦਾ ਮਾਰਿਆ ਨੱਸ ਕੇ ਗੱਡੇ ਦੇ ਹੇਠ ਜਾ ਲੁਕਿਆ। ਅਸੀਂ ਬਹੁਤ ਜ਼ੋਰ ਲਾਇਆ ਬੁਲਾਉਣ ਲਈ ਪਰ ਉਸ ਦੜ੍ਹ ਹੀ ਵਟ ਛੱਡੀ। ਆਖ਼ਰ ਖੰਡਾ ਗੱਡੇ ਦੇ ਹੇਠ ਉਸ ਦੇ ਕੋਲ ਹੀ ਚਲਾ ਗਿਆ। ਖੂਨ ਨਾਲ ਉਸ ਦਾ ਚਿਹਰਾ ਪੀਲਾ ਜਿਹਾ ਪੈ ਰਿਹਾ ਸੀ, ਖੰਡੇ ਨੇ ਇਕ ਮਲਮਲ ਦਾ ਕੱਪੜਾ ਪਾਣੀ ਨਾਲ ਤਰ ਕਰਕੇ ਉਸ ਦੇ ਜ਼ਖ਼ਮ 'ਤੇ ਬੰਨਿਆ, ਨਾਲ ਹੀ ਮੇਰਾ ਨਾ ਪਤਾ ਦੱਸਿਆ। ਉਸ ਨੇ ਗੱਡੇ ਹੇਠੋਂ ਨਿਕਲ ਕੇ ਮੇਰੇ ਪੈਰ ਆ ਫੜੇ। ਉਹ ਰੋਂਦਾ ਬੱਸ ਨਹੀਂ ਸੀ ਕਰਦਾ ਅਤੇ ਡੁਸਕਦਾ ਹੋਇਆ ਆਖ ਰਿਹਾ ਸੀ -

"ਮੈਂ ਤਬਾਹ ਹੋ ਗਿਆ ਸਰਕਾਰ ! ਮੇਰੀ ਇਜ਼ਤ ਲੁੱਟੀ ਗਈ, ਮੈਨੂੰ ਰੱਖੋ!"

"ਤੂੰ ਕੁਝ ਦੱਸ ਤੇ ਸਹੀ ਕਿ ਤੇਰੇ ਨਾਲ ਕੀ ਹੋਇਆ?"

"ਮੈਂ ਮੁਕਲਾਵਾ ਲੈ ਕੇ ਵਹੁਟੀ ਨੂੰ ਨਾਲ ਲਈ ਆਪਣੇ ਪਿੰਡ ਨੂੰ ਜਾ ਰਿਹਾ ਸਾਂ। ਪਤਾ ਨਹੀਂ ਡਾਕੂਆਂ ਨੂੰ ਕਿਵੇਂ ਪਤਾ ਲੱਗ ਗਿਆ। ਉਹ ਦੋ ਊਠਾਂ ਤੇ ਚੜੇ ਹੋਏ ਬਾਗੜੀ ਜਿਹੇ ਚਾਰ ਬੰਦੇ ਸਨ। ਮੈਨੂੰ ਲੁੱਟ ਪੁੱਟ ਕੇ ਦੋ ਹਜ਼ਾਰ ਦੇ ਗਹਿਣੇ , ਕੱਪੜੇ, ਨਾਲ ਹੀ ਮੇਰੀ ਤੀਵੀਂ ਨੂੰ ਲੈ ਕੇ ਚਲਦੇ ਬਣੇ। ਮੈਂ ਮੁਕਾਬਲਾ ਕੀਤਾ। ਮੇਰੇ ਸਾਥੀ ਉਨ੍ਹਾਂ ਨੂੰ ਵੇਖਦੇ ਹੀ ਵਗ ਗਏ। ਉਹ ਚਾਰ ਸਨ ਤੇ ਮੈਂ ਇਕੱਲਾ, ਕੁਝ ਚਿਰ ਤਾਂ ਮੈਂ ਅੜਿਆ, ਇਕ ਨੇ ਮੇਰੀ ਬਾਂਹ ਤੇ ਛਵੀ ਮਾਰ ਕੇ ਜ਼ਖ਼ਮੀ ਕਰ ਦਿੱਤਾ। ਅਤੇ ਮੇਰਾ ਸੱਭ ਕੁਝ ਲੁੱਟ ਪੁੱਟ ਕੇ ਮੈਨੂੰ ਮਿੱਟੀ ਵਿੱਚ ਮਿਲਾ ਕੇ ਚਲਦੇ ਬਣੇ। ਹਾਏ ਓਏ ਮੇਰਿਆ ਰੱਬਾ, ਹੁਣ ਮੈਂ ਕੀ ਕਰਾਂਗਾ। ਅਤੇ ਕਿਸ ਮੂੰਹ ਨਾਲ ਪਿੰਡ ਵਿਚ ਜਾ ਕੇ ਵੜਾਂਗਾ!' ਇਹ ਆਖ ਉਹ ਉੱਚੀ ਉੱਚੀ ਰੋਣ ਲੱਗ ਪਿਆ। ਰੋਂਦਿਆਂ ਰੋਂਦਿਆਂ ਉਸ ਦੀ ਘਿੱਘੀ ਬੱਝ ਗਈ। ਉਸ ਦੀ ਹਾਲਤ ਵੇਖਕੇ ਮੈਂ ਸਭ ਕੁਝ ਭੁੱਲ ਗਿਆ ਅਤੇ ਮੈਨੂੰ ਨਿਸ਼ਚਾ ਹੋ ਗਿਆ ਕਿ ਸੱਚ ਹੀ ਇਸ ਤੇ ਜ਼ੁਲਮ ਹੋਇਆ ਹੈ। ਮੈਨੂੰ ਉਸ ਤੇ ਤਰਸ ਤੇ ਡਾਕੂਆਂ ਤੇ ਬਹੁਤ ਗੁੱਸਾ ਆ ਰਿਹਾ ਸੀ। ਮੈਂ ਉਸ ਨੂੰ ਧੀਰਜ ਦਿੰਦਿਆਂ ਕਿਹਾ, "ਤੂੰ ਹੌਂਸਲਾ ਕਰ ? ਜਿੰਨਾ ਚਿਰ ਮੈਂ ਡਾਕੂਆਂ ਤੋਂ ਤੇਰਾ ਸਭੋ ਕੁਝ ਵਾਪਸ ਨਾ ਕਰਾ ਦਿਆਂ, ਰੱਜ ਕੇ ਰੋਟੀ ਨਹੀਂ ਖਾਵਾਂਗਾ, ਪਰ ਉਹ ਡਾਕੂ ਕੌਣ ਸਨ ? ਕਿਹੋ ਜਿਹੇ ਸਨ ?

**ਚੱਲਦਾ..................**

# ਸੁੱਚੇ ਮੋਤੀ

✪ ਅੱਗ ਨਾਲ ਜਲਦੇ ਹੋਏ ਇੱਕ ਹੀ ਸੁੱਕੇ ਦਰਖਤ ਨਾਲ ਸਾਰਾ ਜੰਗਲ ਜਿਸ ਪ੍ਰਕਾਰ ਜਲ ਕੇ ਭਸਮ ਹੋ ਜਾਂਦਾ ਹੈ, ਉਸੇ ਪ੍ਰਕਾਰ ਇੱਕ ਕਪੂਤ ਸਾਰੀ ਕੁਲ ਦੇ ਲਈ ਸੰਤਾਪ ਅਤੇ ਵਿਨਾਸ਼ ਦਾ ਕਾਰਣ ਹੁੰਦਾ ਹੈ।

**–ਚਾਣਕਯ**

✪ ਜੋ ਬੇ-ਡਰ ਹੋ ਕੇ ਪਿਤਾ ਦੇ ਵਚਨਾਂ ਦਾ ਨਿਰਾਦਰ ਕਰਦਾ ਹੈ ਅਤੇ ਬੁਰੇ ਲੋਕਾਂ ਦੇ ਨਾਲ ਰਹਿੰਦਾ ਹੈ, ਉਹ ਪੁੱਤਰ ਮੂਰਖ ਅਤੇ ਅਧਰਮੀ ਹੈ। ਉਸਦੇ ਜਨਮ ਲੈਣ ਨਾਲ ਕਿਸੇ ਨੂੰ ਸੁੱਖ ਨਹੀਂ ਮਿਲਦਾ।

**–ਵਿਦੂਰ**

✪ ਕਾਲ ਸਾਰੇ ਪ੍ਰਾਣੀਆਂ ਦੇ ਸਿਰ ਉੱਤੇ ਹੈ, ਇਸ ਲਈ ਮਿਲਣ ਤੇ ਸਭ ਤੋਂ ਪਹਿਲਾਂ ਸੁੱਖ ਸਾਂਦ ਪੁੱਛਣੀ ਚਾਹੀਦੀ ਹੈ।

**–ਕਾਲੀਦਾਸ**

✪ ਜੋ ਮੂਰਖ ਦੁਸ਼ਟਾਂ ਦਾ ਸਾਥ ਕਰਦਾ ਹੈ, ਉਹ ਆਪਣੇ ਹੱਥੀਂ ਆਪਣੇ ਪੈਰਾਂ ਉੱਤੇ ਕੁਹਾੜੀ ਮਾਰਦਾ ਹੈ।

**–ਵ੍ਰਿੰਦ**

✪ ਕਰਜ਼ ਲੈਣਾ ਵੀ ਭੀਖ ਮੰਗਣ ਦੀ ਬ੍ਰਿਤੀ ਨਾਲੋਂ ਜ਼ਿਆਦਾ ਚੰਗਾ ਨਹੀਂ ਹੈ।

**–ਲੈਂਸਿੰਗ**

✪ ਇਸ ਸੰਸਾਰ ਵਿੱਚ ਸਭ ਪਦਾਰਥ ਮਿਲਦੇ ਹਨ, ਪ੍ਰੰਤੂ ਕਰਮਹੀਣ ਲੋਕ ਹੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਕਰ ਪਾਉਂਦੇ।

**–ਗੋਸਵਾਮੀ ਤੁਲਸੀਦਾਸ**

✪ ਜਿਸ ਤੋਂ ਆਨੰਦ ਦੀ ਪ੍ਰਾਪਤੀ ਨਾ ਹੋਵੇ, ਉਹ ਕਵਿਤਾ ਨਹੀਂ ਹੈ।

**–ਜੋਬਰਟ**

✪ ਸਰਬਉੱਤਮ ਕੀਰਤੀ ਪ੍ਰਤੀਦਵੰਦੀ ਦੁਆਰਾ ਕੀਤੀ ਗਈ ਪ੍ਰਸੰਸਾ ਹੈ।

**–ਟਾਮਸ ਮੂਰ**

# ਬੱਚਿਆਂ ਦਾ ਪੰਨਾ

ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ
"ਭੂਤ ਪ੍ਰੇਤ ਵੀ ਸੰਤਾਂ-ਸਾਧਾਂ ਦਾ ਕੁਝ ਨਹੀਂ ਵਿਗਾੜ ਸਕਦੇ"
"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ"

ਗਲ ਪਿੰਡ ਕੁੱਝਰ ਜਿਲਾ ਸ਼ੇਖੂਪੁਰਾ (ਪਾਕਿਸਤਾਨ) ਦੀ ਹੈ। ਉੱਥੇ ਇਕ ਸੰਤ ਭਾਨ ਸਿੰਘ ਜੀ ਰਹਿੰਦੇ ਸਨ। ਜੋ ਕਿ ਭਜਨ ਬੰਦਗੀ ਦੇ ਸਦਕਾ ਆਤਮਿਕ ਤੌਰ ਤੇ ਬਹੁਤ ਬਲਵਾਨ ਸਨ। ਅਤੇ ਸੰਤਾਂ ਦੇ ਪਿੰਡ ਕੁੱਝਰ ਵਿਖੇ ਹੀ ਇਕ ਮੌਲਵੀ ਰਹਿੰਦਾ ਸੀ। ਜੋ ਕਿ ਹੰਕਾਰ ਦਾ ਭਰਿਆ ਹੋਇਆ ਸੀ। ਜਾਦੂ ਟੂਣੇ ਕਰਨ ਕਰਾਉਣ ਵਿਚ ਬਹੁਤ ਹੀ ਨਿਪੁੰਨ ਸੀ। ਮੜ੍ਹੀ-ਮਸਾਣਾਂ ਦਾ ਪੁਜਾਰੀ ਸੀ। ਭੋਲੇ- ਭਾਲੇ ਲੋਕਾਂ ਨੂੰ ਭਰਮਾ ਕੇ, ਭੂਤ-ਪ੍ਰੇਤਾਂ ਦਾ ਡਰ ਪਾ ਕੇ, ਧਨ-ਪਦਾਰਥ ਲੁੱਟਦਾ ਸੀ। ਇਕ ਦਿਨ ਉਸ ਮੌਲਵੀ ਦਾ ਟਾਕਰਾ ਸੰਤ ਭਾਨ ਸਿੰਘ ਜੀ ਨਾਲ ਹੋਇਆ। ਸੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਬਖਸ਼ਿਸ਼ਾਂ ਦੇ ਪਾਤਰ ਸਨ। ਹਰ ਵੇਲੇ ਮਾਲਾ ਹੱਥ ਵਿਚ ਰੱਖਣੀ ਨਾਮ-ਸਿਮਰਨ ਕਰਦੇ ਰਹਿਣਾ। ਇਹ ਵੇਖ ਕੇ ਮੌਲਵੀ ਸੰਤਾਂ ਨੂੰ ਕਹਿਣ ਲੱਗਾ ਕਿ ਸੰਤ ਜੀ ਤੁਸੀਂ ਇਹ ਕੀ ਤਸਬੀ (ਮਾਲਾ) ਲਈ ਫਿਰਦੇ ਰਹਿੰਦੇ ਹੋ। ਇਸ ਵਿੱਚੋਂ ਕੁਝ ਨਹੀਂ ਮਿਲਣਾ। ਮੇਰੇ ਸ਼ਾਗਿਰਦ ਬਣੋ। ਤੁਹਾਨੂੰ ਬਹਿਸ਼ਤ (ਦਰਗਾਹ) ਦੇ ਸੁੱਖ ਦੁਆਵਾਂਗਾ। ਸੰਤਾਂ ਕਿਹਾ- ਮੌਲਵੀ ਸਾਹਿਬ ਮੈਂ ਗੁਰੂ ਵਾਲਾ ਹਾਂ। ਮੇਰਾ ਸਤਿਗੁਰੂ ਪ੍ਰਤਾਪ ਸਿੰਘ ਬੜਾ ਬਲਵਾਨ ਸਤਿਗੁਰੂ ਹੈ। ਮੈਂ ਤੁਹਾਡੇ ਵਰਗੇ ਅਖੌਤੀ ਪੀਰਾਂ-ਫਕੀਰਾਂ ਤੋਂ ਕੀ ਲੈਣਾ? ਮੌਲਵੀ ਇਹ ਸੁਣ ਗੁੱਸੇ ਨਾਲ ਭਰ ਗਿਆ। ਕਹਿਣ ਲੱਗਾ ਮੈਂ ਵੇਖ ਲਵਾਂਗਾ ਕਿ ਮੇਰੇ ਮੰਤਰ ਤਕੜੇ ਹਨ ਜਾਂ ਤੇਰੇ ਗੁਰੂ ਦਾ ਨਾਮ ਤਕੜਾ ਹੈ। ਸੰਤਾਂ ਨੂੰ ਨਾਮ ਦੀ ਮਸਤੀ ਚੜੀ ਹੋਈ ਸੀ। ਉਹ ਉਸੇ ਰੰਗ ਵਿਚ ਕਹਿਣ ਲੱਗੇ ਮੌਲਵੀ ਜੀ- ਆਹ ਲਓ ਮੈਂ ਮੰਜੇ ਤੇ ਬੈਠਾਂ, ਤੁਹਾਡੇ ਕੋਲ- ਚਲਾਓ ਆਪਣੇ ਜਾਦੂ-ਟੂਣੇ ਪੜ੍ਹੋ ਜੰਤਰ-ਮੰਤਰ ਅਤੇ ਮੰਜਾ ਉਲਟਾ ਕੇ ਵਿਖਾਓ। ਮੈਨੂੰ ਆਪਣੇ ਵੱਸ ਵਿਚ ਕਰਕੇ ਵਿਖਾਓ। ਸੰਤ ਮੰਜੇ ਤੇ ਬੈਠ ਗਏ। ਮੌਲਵੀ ਲੱਗਾ ਜੰਤਰ-ਮੰਤਰ ਪੜ੍ਹਨ। ਪਰ ਸੰਤਾਂ ਤੇ ਕੋਈ ਅਸਰ ਨਾ ਹੋਇਆ। ਮੌਲਵੀ ਨੇ ਫਿਰ ਮੰਤਰ ਪੜ੍ਹ ਕੇ ਭੂਤਾਂ-ਪ੍ਰੇਤਾਂ ਨੂੰ ਬੁਲਾ ਲਿਆ ਅਤੇ ਭੂਤਾਂ ਨੇ ਕਿਹਾ ਇਸ ਸਾਧੂ ਤੇ ਸਾਡਾ ਕੋਈ ਜ਼ੋਰ ਨਹੀਂ ਚੱਲਦਾ। ਇਸ ਦਾ ਗੁਰੂ ਬਹੁਤ ਤਕੜਾ ਹੈ। ਸਾਥੋਂ ਨਹੀਂ ਇਸ ਤੇ ਕੋਈ ਜਾਦੂ ਹੋਣਾ। ਤੂੰ ਹੋਰ ਵਸੀਲਾ ਕਰ ਲੈ। ਭੂਤ ਵੀ ਫੂਰ ਹੋ ਗਏ।

ਫਿਰ ਮੌਲਵੀ ਨੇ ਕਿਹਾ ਓ ਸਿੱਖਾ ਮੇਰੇ ਨਾਲ ਕਬਰਾਂ ਵਿੱਚ ਚੱਲ। ਸੰਤ ਗੁਰਬਾਣੀ ਦਾ ਇਹ ਸ਼ਬਦ ਪੜ੍ਹ ਰਹੇ ਸਨ- "ਹਮ ਕਾਹੂ ਕੀ ਕਾਨਿ ਨ ਕਢਤੇ ਅਪਨੇ ਗੁਰ ਪਰਸਾਦੇ" ਸੰਤ ਮੌਲਵੀ ਨਾਲ ਕਬਰਾਂ ਵਿਚ ਚਲੇ ਗਏ। ਉਥੇ ਮੌਲਵੀ ਨੇ ਕਾਲਾ ਇਲਮ ਪੜ੍ਹਨਾ ਸ਼ੁਰੂ ਕੀਤਾ। ਮੌਲਵੀ ਨੇ ਪੂਰਾ ਜ਼ੋਰ ਲਗਾ ਲਿਆ। ਸੰਤ ਅਡੋਲ ਨਾਮ ਸਿਮਰਨ ਕਰਦੇ ਰਹੇ। ਧੰਨ ਸਤਿਗੁਰੂ ਪ੍ਰਤਾਪ ਸਿੰਘ, ਧੰਨ ਸਤਿਗੁਰੂ ਪ੍ਰਤਾਪ ਸਿੰਘ ਰਸਨਾ ਰਾਹੀਂ ਬੋਲਦੇ ਰਹੇ। ਮੌਲਵੀ ਦੀ ਕੋਈ ਪੇਸ਼ ਨਾ ਗਈ। ਭੂਤ ਪ੍ਰੇਤ ਵੀ ਮੌਲਵੀ ਤੋਂ ਤੰਗ ਆ ਗਏ। ਉਨ੍ਹਾਂ ਨੇ ਮੌਲਵੀ ਦਾ ਹੀ ਚੰਗਾ ਕੁਟਾਪਾ ਕਰ ਦਿੱਤਾ। ਲੱਗਾ ਤੜਫਨ। ਪਰ ਦਿਆਲੂ ਸੰਤ ਭਾਨ ਸਿੰਘ ਨੇ ਮੌਲਵੀ ਨੂੰ ਭੂਤਾਂ-ਪ੍ਰੇਤਾਂ ਤੋਂ ਛੁਡਾਇਆ। ਮੌਲਵੀ ਸੰਤਾਂ ਦੇ ਚਰਨੀਂ ਢਹਿ ਪਿਆ ਅਤੇ ਆਪਣੀ ਕੀਤੀ ਭੁੱਲ ਦੀ ਮਾਫੀ ਮੰਗੀ। ਸੰਤ ਇਹ ਸ਼ਬਦ ਪੜ੍ਹ ਰਹੇ ਸਨ- "ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ॥"

ਸੋ ਸਾਨੂੰ ਸਤਿਗੁਰੂ ਜੀ ਦੇ ਬਖਸ਼ੇ ਨਾਮ ਨੂੰ ਸੁਆਸ-ਸੁਆਸ ਧਿਆਉਣਾ ਚਾਹੀਦਾ ਹੈ। ਮੜ੍ਹੀ ਮਸਾਣਾਂ ਨੂੰ ਨਹੀਂ ਪੂਜਣਾ ਚਾਹੀਦਾ। ਸੰਤ ਧੰਨ ਸਤਿਗੁਰੂ- ਧੰਨ ਸਤਿਗੁਰੂ ਕਹਿੰਦੇ ਆਪਣੇ ਡੇਰੇ ਚਲੇ ਗਏ।

"ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ॥"

ਗੁਰਬਾਣੀ ਵਿਚ ਲਿਖਿਆ ਹੈ ਕਿ- "ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ॥

**-ਸਵਿੰਦਰ ਸਿੰਘ ਨਾਮਧਾਰੀ ਲੁਧਿਆਣਾ**

# ਖ਼ਬਰਨਾਮਾ

## ਬੁੱਢਾ ਦਰਿਆ (ਨਾਲਾ) ਲੁਧਿਆਣਾ ਦੀ ਸਫਾਈ ਮੁਹਿੰਮ ਸ਼ੁਰੂ
## ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਨੇ ਸਵੇਰੇ 8.30 ਵਜੇ ਅਰੰਭ ਕੀਤੀ ਮੁਹਿੰਮ।

ਲੁਧਿਆਣਾ 23 ਦਸੰਬਰ- ਪੁਰਾਣੇ ਬੁੱਢਾ ਦਰਿਆ (ਗੰਦਾ ਨਾਲਾ) ਸਫਾਈ ਮੁਹਿੰਮ ਦਾ ਆਰੰਭ ਅੱਜ ਸਵੇਰੇ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਹੇਠ ਆਰੰਭ ਹੋ ਗਿਆ ਹੈ। ਨਾਮਧਾਰੀ ਮੁਖੀ ਜੀ ਨੇ ਲਗਪਗ ਪੰਜ ਘੰਟੇ ਲਗਾਤਾਰ ਖੜ੍ਹੇ ਪੈਰ ਕਾਰ ਸੇਵਾ ਕਾਰਜਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ।

ਵਿਧਾਇਕ ਸੰਜਯ ਤਲਵਾਰ ਤੇ ਨਗਰ ਨਿਗਮ ਮੇਅਰ ਸ: ਬਲਕਾਰ ਸਿੰਘ ਸੰਧੂ, ਲਾਈਫਲਾਈਨ ਫਾਉਂਡੇਸ਼ਨ ਦੇ ਆਗੂ ਤੇ ਸਿਰਕੱਢ ਪੰਜਾਬੀ ਕਵੀ ਇੰਜ. ਜਸਵੰਤ ਜ਼ਫ਼ਰ, ਡਾ: ਜਗਦੀਸ਼ ਕੌਰ ਪੀਏਯੂ, ਪ੍ਰੋ: ਬਲਬੀਰ ਕੌਰ ਜ਼ਫਰ ਗੁਰੂ ਨਾਨਕ ਖਾਲਸਾ ਕਾਲਿਜ ਫਾਰ ਵਿਮੈਂਨ ਬੀਬਾ ਸੁੱਚੂ ਜਫਰ ਯੂ ਐੱਸ ਏ,ਅਸ਼ੋਕ ਮੱਕੜ,ਬਾਵਾ ਜੈਨ,ਰਜਿਤ ਸੂਦ, ਸੂਬਾ ਹਰਭਜਨ ਸਿੰਘ ਨਾਮਧਾਰੀ, ਸੂਬਾ ਬਲਵਿੰਦਰ ਸਿੰਘ ਡੱਲ, ਸੁਖਵਿੰਦਰ ਸਿੰਘ ਲਾਇਲ ਨਾਮਧਾਰੀ,ਗਿਆਨੀ ਜੋਗਿੰਦਰ ਸਿੰਘ ਨਾਮਧਾਰੀ ਤੋਂ ਇਲਾਵਾ ਹਜ਼ਾਰਾਂ ਨਾਮਧਾਰੀਆਂ ਨੇ ਕਾਰ ਸੇਵਾ ਚ ਭਾਗ ਲਿਆ।

ਸਬੱਬ ਨਾਲ ਅੱਜ ਨਾਮਧਾਰੀ ਮੁਖੀ ਸਤਿਗੁਰੂ ਉਦੇ ਸਿੰਘ ਦੀ ਦਾ ਦਸਤਾਰਬੰਦੀ ਦਿਵਸ ਹੋਣ ਕਾਰਨ ਨਾਮਧਾਰੀ ਸੰਗਤਾਂ ਹੁੰਮ ਹੁੰਮਾ ਕੇ ਪੁੱਜੀਆਂ। ਪੰਜਾਬ ਸਰਕਾਰ ਵੱਲੋ ਬਣਾਈ ਸਟੀਅਰਿੰਗ ਕਮੇਟੀ ਦੇ ਮੈਂਬਰ ਸੁਖਵਿੰਦਰ ਸਿੰਘ ਲਾਇਲ ਨਾਮਧਾਰੀ ਨੇ ਦੱਸਿਆ ਕਿ ਤਾਜਪੁਰ ਰੋਡ ਜੇਲ੍ਹ ਨੇੜੇ ਬਣੇ ਸੀਵਰੇਜ ਟਰੀਟਮੈਂਟ ਪਲਾਂਟ ਨੇੜਿਓਂ ਕੰਮ ਸ਼ੁਰੂ ਕੀਤਾ ਗਿਆ।

ਨਾਮਧਾਰੀ ਸੰਗਤ ਵੱਲੋਂ ਤਿੰਨ ਫੋਰਕ ਮਸ਼ੀਨਾਂ ਤੇ 3 ਟਿੱਪਰ ਅਜ ਕੰਮ ਤੇ ਲਗਾਏ ਗਏ ਜਦ ਕਿ ਨਗਰ ਨਿਗਮ ਵੱਲੋਂ 10 ਟਿੱਪਰ ਸੇਵਾ ਲਈ ਦਿੱਤੇ ਗਏ ਹਨ। ਕੱਲ੍ਹ ਨਾਮਧਾਰੀ ਸੰਗਤ ਵੱਲੋਂ 10 ਟਿੱਪਰ ਹੋਰ ਸੇਵਾ ਚ ਲਾਏ ਜਾਣਗੇ। ਨਗਰ ਨਿਗਮ ਵੱਲੋਂ ਤਿੰਨ ਜੇ ਸੀ ਬੀ ਮਸ਼ੀਨਾਂ ਵੀ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸੰਭਵ ਫਾਊਂਡੇਸ਼ਨ, ਆਣ ਮਿਲੋ ਦਰਿਆਓ ਸੰਸਥਾ ਤੇ ਲਾਈਫਲਾਈਨ ਫਾਊਂਡੇਸ਼ਨ ਦੇ ਸਾਥੀਆਂ ਤੋਂ ਇਲਾਵਾ ਨਗਰ ਨਿਗਮ ਦਾ ਵੀ ਸਹਿਯੋਗ ਮਿਲ ਰਿਹਾ ਹੈ। ਅੱਜ ਲਗਪਗ 100 ਟਰੱਕ ਗਾਰ ਕੱਢ ਕੇ ਕੂੜਾ ਢੇਰ ਤੇ ਪਹੁੰਚਾਇਆ ਗਿਆ।

**– ਗੁਰਭਜਨ ਗਿੱਲ ਸਾਬਕਾ ਪ੍ਰਧਾਨ**
**ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ**

## ਆਓ ਸਾਰੇ ਰਲ ਮਿਲ ਕੇ ਬੁੱਢੇ ਦਰਿਆ (ਨਾਲੇ) ਦੀ ਸਫ਼ਾਈ ਲਈ ਹੰਮਲਾ ਮਾਰੀਏ

ਨੈਸ਼ਨਲ ਗਰੀਨ ਟ੍ਰਿਬੂਨਲ ਨੇ ਪੰਜਾਬ ਦੇ ਸ਼ਹਿਰਾਂ ਦੇ ਨਾਲਿਆਂ ਖਾਸਕਰ ਬੁੱਢੇ ਦਰਿਆ ਦੇ ਬੇਹੱਦ ਦੂਸ਼ਤ ਹੋਣ ਕਰਕੇ ਪੰਜਾਬ ਸਰਕਾਰ ਨੂੰ ਪੰਜਾਹ ਕਰੋੜ ਰੁਪਏ ਜਰਮਾਨਾ ਕੀਤਾ ਹੈ। ਬੁੱਢੇ ਦਰਿਆ ਦੀ ਪੁਨਰ ਸੁਰਜੀਤ ਦੀ ਜਨਤਕ ਇੱਛਾ ਪ੍ਰਚੰਡ ਕਰਨ ਵਾਲੀ ਮੁਹਿੰਮ ਨਾਲ ਜੁੜਿਆ ਹੋਣ ਦੇ ਬਾਵਜੂਦ ਮੈਨੂੰ ਇਸ ਗੱਲ ਦੀ ਖੁਸ਼ੀ ਨਹੀਂ ਹੋਈ। ਇਹ ਖੁਸ਼ੀ ਦੀ ਨਹੀਂ ਸ਼ਰਮਿੰਦਗੀ ਵਾਲੀ ਗੱਲ ਹੈ। ਸ਼ਰਮਿੰਦਗੀ ਦੀ ਇਹ ਗੱਲ ਕੇਵਲ ਸਾਡੇ ਸ਼ਾਸਕਾਂ ਅਤੇ ਪ੍ਰਸ਼ਾਸਕਾਂ ਲਈ ਹੀ ਨਹੀਂ ਸਗੋਂ ਸਾਡੇ ਸਾਰੇ ਪੰਜਾਬੀਆਂ ਲਈ ਹੈ। ਆਪਣਾ ਘਰ ਸਾਫ਼ ਨਾ ਰੱਖਣ ਲਈ ਬਾਹਰੀ ਏਜੰਸੀ ਨੇ ਸਾਨੂੰ ਜੁਰਮਾਨਾ ਕੀਤਾ ਹੈ।

ਸਮਾਰਟ ਸਿਟੀ ਬਣਾਉਣ ਲਈ ਅਸੀਂ ਆਪਣੇ ਅਫ਼ਸਰ ਬਾਹਰਲੇ ਮੁਲਕਾਂ ਵਿਚ ਲੱਖਾਂ ਰੁਪਏ ਖਰਚ ਕੇ ਟ੍ਰੇਨਿੰਗਾਂ ਲੈਣ ਭੇਜ ਰਹੇ ਹਾਂ ਅਤੇ ਸ਼ਹਿਰਾਂ ਦੀ ਸਮਾਰਟਨੈਸ ਦੇ ਨਾਂ ਤੇ ਉਹ ਕਾਰਜ ਕਰਾ ਰਹੇ ਹਾਂ ਜਿੰਨ੍ਹਾਂ ਤੋਂ ਬਿਨਾਂ ਵੀ ਸਰ ਸਕਦਾ ਹੈ। ਪਰ ਬੁਨਿਆਦੀ ਜੀਵਨ ਹਾਲਤਾਂ ਲਈ ਲੋੜੀਂਦੇ ਕਦਮ ਚੁੱਕਣ ਨੂੰ ਪਹਿਲ ਨਹੀਂ ਦੇ ਰਹੇ। ਲੋਕਾਂ, ਸਨਅਤਕਾਰਾਂ, ਨਗਰ ਨਿਗਮ, ਪ੍ਰਦੂਸ਼ਨ ਕੰਟਰੋਲ ਬੋਰਡ ਅਤੇ ਸਰਕਾਰਾਂ ਆਦਿ ਨੇ ਹੁਣ ਤੱਕ ਇਕ ਦੂਸਰੇ ਨੂੰ ਦੋਸ਼ ਦੇਣ ਦੀ ਬਥੇਰੀ ਖੇਡ ਖੇਡ ਲਈ ਹੈ। ਇਹਨੇ ਗੰਦ ਪਾਇਆ, ਉਹਨੇ ਗੰਦ ਪਾਇਆ ਦਾ ਰਾਗ ਅਲਾਪਣ ਵਾਲਾ ਕੰਮ ਬਥੇਰਾ ਹੋ ਗਿਆ ਹੈ। ਹੁਣ ‘ਰਲ ਕੇ ਸਾਫ਼ ਕਰੀਏ’ ਵਾਲੀ ਗੱਲ ਤੇ ਆਉਣ ਦਾ ਸਮਾਂ ਆ ਗਿਆ ਹੈ। ਇਕ ਦੂਜੀਆਂ ਧਿਰਾਂ ਨੂੰ ਵੱਧ ਤੋਂ ਵੱਧ ਦੋਸ਼ ਦੇਣ ਦੀ ਮੁਕਾਬਲੇਬਾਜ਼ੀ ਬੰਦ ਕਰਕੇ ਵੱਧ ਤੋਂ ਵੱਧ ਜਿੰਮੇਵਾਰੀ ਚੁੱਕਣ ਦਾ ਮੁਕਾਬਲਾ ਸ਼ੁਰੂ ਕਰਨ ਦੀ ਲੋੜ ਹੈ। ਸਾਰੇ ਨਾਗਰਿਕ ਆਪਣੀ ਪਾਣੀ ਖਪਤ ਘਟਾਈਏ, ਜਨ-ਸੰਸਥਾਵਾਂ ਪ੍ਰਦੂਸ਼ਨ ਮੁਕਤੀ ਲਈ ਜਾਗ੍ਰਿਤੀ ਫੈਲਾਈਏ ਤੇ ਲੋਕਾਂ ਨੂੰ ਦਰਿਆ ਗੰਦਾ ਨਾ ਕਰਨ ਤੋਂ ਪ੍ਰੇਰੀਏ, ਨਗਰ ਨਿਗਮ ਕੂੜਾ ਕਰਕਟ ਸੰਭਾਲਣ ਅਤੇ ਸੀਵਰੇਜ ਸੋਧ ਦੇ ਕੰਮ ਨੂੰ ਸੁਚਾਰੂ ਬਣਾਵੇ, ਸਨਅਤਕਾਰ ਆਪਣੇ ਨਿਕਾਸੀ ਪਾਣੀ ਦੀ ਸੋਧ ਸਹੀ ਤਰ੍ਹਾਂ ਕਰਨ, ਪਰਦੂਸ਼ਨ ਕੰਟਰੋਲ ਬੋਰਡ ਕਾਨੂੰਨ ਦੀ ਪਾਲਣਾ ਯਕੀਨੀ ਬਣਾਵੇ, ਸਰਕਾਰ ਨਵੇਂ ਸੀਵਰੇਜ ਅਤੇ ਰਸਾਇਣਿਕ ਸੋਧ ਪਲਾਟਾਂ ਦੀ ਉਸਾਰੀ ਕਰਾਵੇ।

ਰਾਜਸਥਾਨ ਦੇ ਲੋਕਾਂ ਨੇ ਇਸ ਪ੍ਰਦੂਸ਼ਨ ਲਈ ਨੈਸ਼ਨਲ ਗਰੀਨ ਟ੍ਰਿਬੂਨਲ ਕੋਲ ਸਾਡੀ ਸ਼ਿਕਾਇਤ ਕੀਤੀ ਹੈ। ਪਰ ਇਸ ਪ੍ਰਦੂਸ਼ਨ ਨਾਲ ਸਾਡੇ ਆਪਣੇ ਲੋਕ ਵੀ ਅਨੇਕਾਂ ਜਾਨਲੇਵਾ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਕਾਰਜ ਲਈ ਸਮੂਹਿਕ ਤੌਰ ਤੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਆਪੋ ਆਪਣੀ ਜਿੰਮੇਵਾਰੀ ਨਿਭਾਉਣ ਲਈ ਤੱਤਪਰ ਹੋਣ ਦੀ ਲੋੜ ਹੈ ਅਤੇ ਸਾਡਾ ਜਿਹੜਾ ਅੰਗ ਆਪਣੇ ਹਿੱਸੇ ਦੀ ਜਿੰਮੇਵਾਰੀ ਨਹੀਂ ਨਿਭਾ ਰਿਹਾ ਉਸ ਨੂੰ ਕਾਰਜਸ਼ੀਲ ਕਰਨ ਲਈ ਪ੍ਰੇਰਨਾ ਸਹਿਤ ਲਗਾਤਾਰ ਦਬਾਅ ਬਣਾਉਣ ਦੀ ਲੋੜ ਹੈ।

**–ਇੰਜ਼. ਜਸਵੰਤ ਸਿੰਘ ਜ਼ਫ਼ਰ**

## ਪੂਜਨੀਕ ਮਾਤਾ ਗੁਜਰੀ ਅਤੇ ਸਾਹਿਬਜਾਦਿਆਂ ਦੀ ਯਾਦ ਵਿੱਚ ਸਹੀਦੀ ਮੇਲਾ ਫਤਿਹਗੜ੍ਹ ਸਾਹਿਬ

ਧਰਮ ਦੀ ਰੱਖਿਆ ਦੀ ਖਾਤਰ ਛੋਟੀ ਉਮਰ ਵਿੱਚ ਸਹਾਦਤਾਂ ਦਾ ਜਾਮ ਪੀਣ ਵਾਲੇ ਅਤੇ ਦੇਸ਼ ਕੌਮ ਵਾਸਤੇ ਆਪਾਂ ਨਿਛਾਵਰ ਕਰਨ ਵਾਲੇ, ਉਹ ਮਾਸੂਮ ਬਾਲ ਜਿਹਨਾਂ ਨੂੰ ਸਮੁੱਚਾ ਸਿੱਖ ਜਗਤ ਚਾਰ ਸਾਹਿਬਜਾਦਿਆਂ ਦੇ ਨਾਮ ਨਾਲ ਹਰ ਸਮੇਂ ਅਰਦਾਸ ਵਿੱਚ ਯਾਦ ਕਰਦਾ ਹੈ। ਉਹਨਾਂ ਦੀ ਲਾਸਾਨੀ ਸ਼ਹਾਦਤ ਦੀ ਕਿਧਰੇ ਵੀ ਸੰਸਾਰ ਵਿੱਚ ਮਿਸਾਲ ਨਹੀਂ ਮਿਲਦੀ।

ਇਸ ਸ਼ਹੀਦੀ ਜੋੜ ਮੇਲੇ ਸਮੇ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 27 ਦਸੰਬਰ 2018 ਮੁਤਾਬਿਕ 12 ਪੋਹ 2075 ਬਿਕਰਮੀ ਦਿਨ ਵੀਰਵਾਰ ਨੂੰ ਆਪਣੇ ਸਿੱਖਾਂ ਸੇਵਕਾਂ ਸਹਿਤ ਫਤਿਹਗੜ੍ਹ ਸਾਹਿਬ ਵਿਖੇ ਨਾਮਧਾਰੀ ਧਰਮਸ਼ਾਲਾ ਵਿੱਚ ਸਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਹੋ ਰਹੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮੰਚ ਤੇ ਜਥੇਦਾਰ ਗੁਰਲਾਲ ਸਿੰਘ ਦੀਵਾਨ ਸਜਾ ਰਹੇ ਸਨ। ਸੂਬਾ ਸਵਿੰਦਰ ਸਿੰਘ, ਗਿਆਨੀ ਜੋਗਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਫੁੱਲ ਮਾਲਾਵਾਂ ਭੇਟ ਕਰਕੇ ਸ੍ਰੀ ਸਤਿਗੁਰੂ ਜੀ ਦਾ ਜੋਰਦਾਰ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ। ਸਵੇਰ ਤੋਂ ਲੈ ਕੇ ਸੂਬਾ ਅਜੀਤ ਸਿੰਘ ਬਟਾਲਾ, ਜਥੇਦਾਰ ਨਿਰੰਜਨ ਸਿੰਘ ਟਮਕੋਡੀ ਆਦਿ ਸਾਰੇ ਜਥੇਦਾਰਾਂ ਨੇ ਆਪਣੀ ਹਾਜਰੀ ਭਰੀ। ਸਾਧ ਸੰਗਤ ਦੀ ਭਰਪੂਰ ਹਾਜਰੀ ਸੀ। ਦੀਵਾਨ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਸਮੇਤ ਮਾਤਾ ਗੁਜਰੀ ਜੀ ਦੀ ਸਹਾਦਤ ਨੂੰ ਯਾਦ ਕੀਤਾ। ਪਵਿੱਤਰ ਉਪਦੇਸ਼ ਉਪਰੰਤ ਸੂਬਾ ਬਲਵਿੰਦਰ ਸਿੰਘ ਝੱਲ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ। ਹਰ ਸਾਲ ਦੀ ਤਰਾਂ ਮੇਲੇ ਦੀ ਸੇਵਾ ਸਵਰਗਵਾਸੀ ਸੰਤ ਸਦਾਗਰ ਸਿੰਘ, ਅਤੇ ਮਾਤਾ ਸੰਪੂਰਨ ਕੌਰ ਦੇ ਸਮੁੱਚੇ ਪਰੀਵਾਰ ਵੱਲੋਂ ਤਨ, ਮਨ ਅਤੇ ਧਨ ਨਾਲ ਕੀਤੀ ਗਈ।

**– ਸੂਬਾ ਬਲਵਿੰਦਰ ਸਿੰਘ ਝੱਲ**

..........................................

## ਸਸਰਾਲੀ ਕਲੋਨੀ ਵਿਖੇ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਅਤੇ ਨਾਮ ਸਿਮਰਨ ਦੀਆਂ ਵਰਨੀਆਂ

ਸ੍ਰੀ ਭੈਣੀ ਸਾਹਿਬ ਦੀ ਤਪ ਭੂਮੀ ਤੋਂ ਤਕਰੀਬਨ 20 ਕਿਲੋਮੀਟਰ ਦੂਰ ਛਿਪਦੇ ਅਤੇ ਪਹਾੜ ਦੀ ਸਾਂਝੀ ਬਾਹੀ ਤੇ ਸਤਿਲੁਜ ਦਰਿਆ ਦੇ ਕੰਡੇ ਤੇ ਵੱਸਿਆ ਹੈ ਪਿੰਡ ਸਸਰਾਲੀ ਕਲੋਨੀ। ਜਿਸ ਦਾ ਨਾਮ ਨਾਮਧਾਰੀ ਪੰਥ ਵਿੱਚ ਥੋੜੇ ਜਿਹੇ ਸਮੇ ਵਿੱਚ ਹੀ ਉੱਭਰ ਕੇ ਸਾਹਮਣੇ ਆਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਹਸਤ ਕਵਲਾਂ ਨੇ ਜਿਸ-ਜਿਸ ਨੂੰ ਆਪਣੀ ਛੋਹ ਬਖਸ਼ੀ ਉਹ ਹੀ ਸਤਿਕਾਰ ਦਾ ਪਾਤਰ ਬਣ ਗਿਆ। ਅਜਿਹਾ ਹੀ ਮਾਨ ਸਨਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ.ਕਰਮ ਸਿੰਘ ਸਰਪੰਚ ਦੇ ਨੋਜਵਾਨ ਤੇ ਹੋਣਹਾਰ ਸਪੁੱਤਰ ਸੰਤ ਸਤਨਾਮ ਸਿੰਘ ਜੀ ਨੂੰ ਬਖਸ਼ਿਆ। ਜਿਸਨੇ ਆਪਣੀ ਜਿੰਦਗੀ ਦਾ ਮਕਸਦ ਸਿਰਫ ਤੇ ਸਿਰਫ ਨਾਮ ਸਿਮਰਨ ਅਤੇ ਭਜਨ ਬੰਦਗੀ ਕਰਨਾ ਅਤੇ ਕਰਵਾਉਣਾ ਹੀ ਸਮਝਿਆ ਹੈ। ਹਰ ਸਾਲ ਦੀ ਤਰਾਂ ਇਸ ਵਾਰੀ ਵੀ ਪੋਹ ਦੇ ਮਹੀਨੇ ਵਿੱਚ 15 ਦਸੰਬਰ 2018 ਦਿਨ ਸ਼ਨੀਵਾਰ ਮੁਤਾਬਿਕ 30 ਮੱਘਰ 2075 ਨੂੰ ਸਵੇਰੇ ਅੰਮ੍ਰਿਤ ਵੇਲੇ ਅਰਦਾਸ ਕਰਕੇ ਇਸ ਮਹਾਨ ਅਤੇ ਪਵਿੱਤਰ ਕਾਰਜ ਦੀ ਅਰੰਭਤਾ ਕੀਤੀ ਗਈ। ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੁੱਚ-ਸੋਧ ਦੀ ਪ੍ਰਚੱਲਤ ਮਰਿਯਾਦਾ ਅਨੁਸਾਰ ਸੈਕੜਿਆਂ ਦੀ ਗਿਣਤੀ ਵਿੱਚ ਨੋਜਵਾਨਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਸਮੇਂ ਕੁਝ ਅਜਿਹੇ ਨੋਜਵਾਨ ਵੀ ਆਏ ਜਿਹੜੇ ਨਸ਼ੇ ਵਰਗੀ ਲਾਹਨਤ ਵਿੱਚ ਗ੍ਰਸੇ ਹੋਏ ਸਨ। ਨਾਮ ਸਿਮਰਨ ਅਤੇ ਭਜਨ ਬਾਣੀ ਰਾਹੀਂ ਉਹਨਾਂ ਦਾ ਇਲਾਜ ਸੰਤ ਸਤਨਾਮ ਸਿੰਘ ਜੀ ਦੁਆਰਾ ਕਰਵਾਇਆ ਗਿਆ। ਉਹਨਾਂ ਨੋਜਵਾਨਾਂ ਨੇ ਨਸ਼ੇ ਦੀ ਨਾੜੀ ਆਦਤ ਨੂੰ ਤਿਆਗ ਕੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਦਾ ਪ੍ਰਣ ਕੀਤਾ ਅਤੇ ਇਸ ਮਾੜੀ ਆਦਤ ਤੋਂ ਤੋਬਾ ਕੀਤੀ। ਇਸ ਗਿਆਰਾਂ ਦਿਨ ਚੱਲੇ ਪ੍ਰੋਗਰਾਮ ਦੀ ਸਮਾਪਤੀ 27 ਦਸੰਬਰ 2018 ਮੁਤਾਬਿਕ 12 ਪੋਹ 2075 ਦਿਨ ਵੀਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਹੋਈ। ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ ਨੇ ਵੀ ਦਰਸ਼ਨ ਦਿੱਤੇ। ਸਮਾਪਤੀ ਸਮੇਂ ਪਵਿੱਤਰ ਗੁਰਬਾਣੀ ਦੇ 55 ਸ੍ਰੀ ਅਖੰਡ ਪਾਠ ਸਾਹਿਬ ਅਤੇ ਨਾਮ ਸਿਮਰਨ ਦੀਆਂ 33 ਅਖੰਡ ਵਰਨੀਆਂ ਦੇ ਭੋਗ ਪਾਏ ਗਏ। ਸਮੁੱਚੇ ਸਮਾਗਮ ਦੀ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਸੰਗਤ ਦਾ ਭਰਵਾ ਇਕੱਠ ਸੀ। ਸੰਤ ਸਤਨਾਮ ਸਿੰਘ ਜੀ ਦੇ ਦੱਸਣ ਮੁਤਾਬਿਕ ਇਹ ਸਮੁੱਚਾ ਕਾਰਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਨਾਮਧਾਰੀ ਪੰਥ ਦੀ ਚੜਦੀ ਕਲਾਂ ਨੂੰ ਸਮਰਪਿਤ ਸੀ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸੰਤ ਸਤਨਾਮ ਸਿੰਘ ਵੱਲੋਂ ਇਸ ਕਾਰਜ ਲਈ ਆਏ ਹੋਏ ਪਾਠੀ ਸਿੰਘਾਂ ਅਤੇ ਨੋਜਵਾਨਾਂ ਦਾ ਉਚੇਚੇ ਤੋਰ ਤੇ ਸਨਮਾਨ ਕੀਤਾ ਗਿਆ ਅਤੇ ਅੰਤ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਸੁਕਰਾਨਾਂ ਕੀਤਾ ਗਿਆ ਜਿਹਨਾਂ ਦੀ ਕ੍ਰਿਪਾ ਸਦਕਾ ਇਹ ਸਮੁੱਚਾ ਕਾਰਜ ਨਿਰਵਿਗਨਤਾ ਸਹਿਤ ਨੇਪਰੇ ਚੜਿਆ ਹੈ।

**ਸੂਬਾ – ਬਲਵਿੰਦਰ ਸਿੰਘ ਝੱਲ**

# ਵਿਗਿਆਨ ਭਵਨ (ਨਵੀਂ ਦਿੱਲੀ) ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ ਅੰਤਰ-ਰਾਸ਼ਟਰੀ ਸੈਮੀਨਾਰ

**28 ਦਿਸੰਬਰ 2018–** ਅੱਜ ਵਿਗਿਆਨ ਭਵਨ ਦੇ ਵਿਸ਼ਾਲ ਆਡੀਟੋਰੀਅਮ ਵਿੱਚ ਨਾਮਧਾਰੀ ਸੰਗਤ ਵੱਡੀ ਗਿਣਤੀ ਵਿੱਚ ਦੂਰੋਂ-ਨੇੜਿਓਂ ਅਤੇ ਵਿਦੇਸ਼ਾਂ ਤੋਂ ਵੀ (ਖਾਸ ਕਰ ਥਾਈਲੈਂਡ ਤੋਂ) ਬੈਠੀ ਖੁਸ਼ੀ ਅਤੇ ਖੇੜੇ ਸਹਿਤ ਸੋਭ ਰਹੀ ਸੀ। ਅੱਜ ਵਰਤਮਾਨ ਭਾਰਤ ਸਰਕਾਰ ਦੇ ਸੱਭਿਆਚਾਰ ਮੰਤ੍ਰਾਲਯ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਕੂਕਾ ਸ਼ਹੀਦ ਯਾਦਗਾਰੀ ਟਰੱਸਟ ਦੇ ਸਾਂਝੇ ਯਤਨਾਂ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਆਸ਼ੀਰਵਾਦ ਸਦਕਾ, ਕੇਂਦਰੀ ਮੰਤਰੀ, ਮੈਂਬਰ ਪਾਰਲੀਮੈਂਟ ਅਤੇ ਦੇਸ਼ ਦੇ ਉੱਘੇ ਵਿਦਵਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀ ਅਕੀਦਤ ਪੇਸ਼ ਕਰਨ ਆਏ ਹੋਏ ਸਨ। ਇਹ ਸੈਮੀਨਾਰ ਸਮਾਗਮ ਬਹੁਤ ਹੀ ਵਿਸ਼ੇਸ਼ ਤੇ ਅੰਤਰ-ਰਾਸ਼ਟਰੀ ਪੱਧਰ ਦਾ ਸੀ।

1800 ਸੀਟਾਂ ਵਾਲਾ ਇਹ ਵਿਸ਼ਾਲ ਤੇ ਆਲੀਸ਼ਾਨ ਆਡੀਟੋਰੀਅਮ ਹਾਲ ਪੂਰਾ ਭਰਿਆ ਹੋਇਆ ਸੀ। ਇਸ ਜਗਮਗਾਉਂਦੇ ਹਾਲ ਵਿੱਚ ਨਾਮਧਾਰੀ ਪੰਥ ਦਾ ਜਾਹੋ-ਜਲਾਲ ਵੀ ਪ੍ਰਕਾਸ਼ਮਾਨ ਸੀ। ਸਾਹਮਣੇ ਉੱਚੇ ਮੰਚ ਨੂੰ ਰੰਗਦਾਰ ਫੁੱਲਾਂ ਨਾਲ ਖ਼ੂਬ ਸਜਾਇਆ ਗਿਆ ਸੀ। ਪਿੱਛੇ ਸਕਰੀਨ ਉੱਪਰ ਮੰਚ ਦੇ ਸਾਰੇ ਕਾਰਜ-ਕਰਮ ਨੂੰ ਵੀਡੀਓ ਰਾਹੀਂ ਵਿਸ਼ਾਲ ਦਿੱਖ ਦਿੱਤੀ ਜਾ ਰਹੀ ਹੈ। ਵਿਗਿਆਨ ਭਵਨ ਦਾ ਹਰ ਕਮਰਾ ਤੇ ਕੋਨਾ ਸ਼ਾਹੀ ਠਾਠ-ਬਾਠ ਵਿੱਚ ਸੁਸੱਜਿਤ ਸੀ। ਇੱਕ ਦੂਸਰੇ ਹਾਲ ਅੰਦਰ ਨਾਮਧਾਰੀ ਚਿੱਤਰ ਪ੍ਰਦਰਸ਼ਨੀ ਵੀ ਹਰ ਦਰਸ਼ਕ ਨੂੰ ਆਕਰਸ਼ਿਤ ਕਰ ਰਹੀ ਸੀ। ਕੇਂਦਰੀ ਮੰਤਰੀ ਦੇ ਆਗਮਨ ਨਾਲ ਹੀ 10:30 ਵਜੇ ਉਦਘਾਟਨੀ ਸੈਸ਼ਨ ਸ਼ੁਰੂ ਹੋਇਆ। ਡਾ. ਮਹੇਸ਼ ਸ਼ਰਮਾ (ਭਾਰਤ ਸਰਕਾਰ ਦੇ ਰਾਜ-ਮੰਤਰੀ, ਸੱਭਿਆਚਾਰਕ ਮੁਆਮਲੇ) ਦਾ ਸਵਾਗਤ ਥਾਈਲੈਂਡ ਤੋਂ ਉਚੇਚਾ ਪਧਾਰੇ ਚਾਰ-ਪੰਜ ਨਾਮਧਾਰੀ ਸੇਠ-ਸਿੱਖਾਂ ਨੇ ਫੁੱਲ-ਬੁੱਕੇ ਭੇਂਟ ਕਰਕੇ ਕੀਤਾ। ਡਾ. ਰਾਜ ਕੁਮਾਰ (ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ ਸੁਆਗਤੀ ਭਾਸ਼ਣ ਦਿੱਤਾ। ਫਿਰ, ਸ੍ਰੀ ਅਵਿਨਾਸ਼ ਰਾਏ ਖੰਨਾ ਸਾਬਕਾ ਮੈਂਬਰ ਰਾਜ ਸਭਾ, ਸੰਤ ਗੁਰੂਬਚਨ ਸਿੰਘ ਨਾਮਧਾਰੀ, ਸ੍ਰ. ਪ੍ਰੇਮ ਸਿੰਘ ਚੰਦੂਮਾਜਰਾ (ਮੈਂਬਰ ਪਾਰਲੀਮੈਂਟ, ਲੋਕ ਸਭਾ), ਡਾ. ਮਹੇਸ਼ ਸ਼ਰਮਾ (ਭਾਰਤ ਸਰਕਾਰ ਦੇ ਰਾਜ-ਮੰਤਰੀ, ਸੱਭਿਆਚਾਰਕ ਮੁਆਮਲੇ) ਨੇ ਕਰਮਵਾਰ ਭਾਸ਼ਣ ਦਿੱਤੇ। ਸ੍ਰ. ਹਰਵਿੰਦਰ ਸਿੰਘ ਹੰਸਪਾਲ (ਸਾਬਕਾ ਮੈਂਬਰ ਰਾਜ ਸਭਾ), ਸ੍ਰ. ਸੁਰਿੰਦਰ ਸਿੰਘ ਨਾਮਧਾਰੀ (ਵਾਈਸ ਚੇਅਰਮੈਨ ਕੂਕਾ ਸ਼ਹੀਦ ਯਾਦਗਾਰੀ ਟਰੱਸਟ) ਅਤੇ ਸ੍ਰ. ਤਰਲੋਚਨ ਸਿੰਘ (ਸਾਬਕਾ ਮੈਂਬਰ ਰਾਜ ਸਭਾ ਤੇ ਸਾਬਕਾ ਵਾਈਸ ਚੇਅਰਮੈਨ ਨੈਸ਼ਨਲ ਕਮਿਸ਼ਨ ਫਾਰ ਮਾਈਨੌਰਿਟਿਜ਼) ਵੀ ਇਸ ਸਮੇਂ ਮੰਚ ਉੱਪਰ ਸੁਸ਼ੋਭਿਤ ਸਨ। ਸ੍ਰੀ ਸਤਿਗੁਰੂ ਜੀ ਨੇ ਆਪਣੇ ਭਾਸ਼ਣ ਦੇ ਨਾਲ ਹੀ ਕੇਂਦਰੀ ਮੰਤਰੀ ਅਤੇ ਮੰਚ ਤੇ ਬੈਠੇ ਉਪਰੋਕਤ ਸਖਸ਼ੀਅਤਾਂ ਦਾ ਧੰਨਵਾਦ ਕੀਤਾ। ਉਦਘਾਟਨੀ ਸਮਾਰੋਹ ਦੇ ਵਿਸ਼ੇਸ਼ ਬੁਲਾਰਿਆਂ ਨੂੰ ਸ੍ਰੀ ਸਤਿਗੁਰੂ ਜੀ ਨੇ ਮਾਲਾ, ਮੋਮੈਂਟੋ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।

ਸੈਮੀਨਾਰ ਦੇ ਪਹਿਲੇ ਸੈਸ਼ਨ ਦੌਰਾਨ Key-note Address ਪ੍ਰੋਫੈਸਰ ਸੁਖਦੇਵ ਸਿੰਘ ਸਿਰਸਾ ਨੇ ਦਿੱਤਾ। ਇਨ੍ਹਾਂ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਰਿਹਾ। ਇਸ ਸੈਸ਼ਨ ਦੇ ਦੂਸਰੇ ਵਕਤਾ ਡਾ. ਰੇਨੂ ਦਿਵੇਦੀ (ਮੁਖੀ ਸਤਿਗੁਰੂ ਰਾਮ ਸਿੰਘ ਪੀਠ, ਸੰਸਕ੍ਰਿਤ ਵਿਸ਼ਵ ਵਿਦਿਆਲਾ ਵਾਰਾਣਸੀ), ਡਾ. ਸਰਬਜੀਤ ਸਿੰਘ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਅਤੇ ਡਾ. ਹਰਮੋਹਿੰਦਰ ਸਿੰਘ ਬੇਦੀ (ਚਾਂਸਲਰ, ਕੇਂਦਰੀ ਵਿਸ਼ਵ ਵਿਦਿਆਲਾ, ਹਿਮਾਚਲ ਪ੍ਰਦੇਸ਼) ਰਹੇ।

ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਵੀ ਸਨਮਾਨਿਤ ਕੀਤਾ। ਦੁਪਹਿਰ ਦੇ ਭੋਜਨ ਉਪਰੰਤ, ਸੈਮੀਨਾਰ ਦੇ ਦੂਸਰੇ ਸੈਸ਼ਨ ਦੀ ਪ੍ਰਧਾਨਗੀ ਡਾ. ਮਨਜੀਤ ਸਿੰਘ ਨਿੱਝਰ (ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਕੀਤੀ। ਇਸ ਸੈਸ਼ਨ ਦੌਰਾਨ ਪਹਿਲੇ ਵਿਦਵਾਨ ਵਕਤਾ ਡਾ. ਕੁਲਦੀਪ ਸਿੰਘ (ਮੁਖੀ, ਸਤਿਗੁਰੂ ਰਾਮ ਸਿੰਘ ਚੇਅਰ, ਕੇਂਦਰੀ ਵਿਸ਼ਵ ਵਿਦਿਆਲਾ, ਬਠਿੰਡਾ, ਪੰਜਾਬ)। ਉਪਰੰਤ ਡਾਕਟਰ ਵਿਨੀਤਾ (ਸਾਹਿਤ ਅਕੈਡਮੀ ਦਿੱਲੀ), ਸ੍ਰ. ਸਵਰਨ ਸਿੰਘ ਸਨੇਹੀ ਤੇ ਪ੍ਰੋਫੈਸਰ ਜਗਮੋਹਨ ਸਿੰਘ (ਸ੍ਰ. ਭਗਤ ਸਿੰਘ ਸ਼ਹੀਦ ਦੇ ਭਣੇਵੇਂ) ਅਤੇ ਡਾ. ਜਸਪਾਲ ਕੌਰ ਕਾਂਗ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਨੇ ਆਪਣੇ ਪਰਚੇ ਪੜ੍ਹੇ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਵਿਦਵਾਨਾਂ ਨੂੰ ਵੀ ਨਾਲੋ ਨਾਲ ਸਨਮਾਨਿਤ ਕੀਤਾ।

ਸੈਮੀਨਾਰ ਦਾ ਤੀਸਰਾ ਤੇ ਆਖਰੀ ਵੈਲੇਡਿਕਟਰੀ ਸੈਸ਼ਨ ਸੀ। ਇਸ ਸੈਸ਼ਨ ਦੇ ਮੁੱਖ ਬੁਲਾਰੇ ਹਰਮਨ ਪਿਆਰੇ ਸ੍ਰ. ਸੁਵਰਨ ਸਿੰਘ ਵਿਰਕ ਸਨ। ਉਪਰੰਤ, ਡਾਕਟਰ ਮਨਜੀਤ ਸਿੰਘ ਨਿੱਝਰ (ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਡਾ. ਮਨਜੀਤ ਸਿੰਘ (ਸਾਬਕਾ ਮੁਖੀ ਪੰਜਾਬੀ ਵਿਭਾਗ ਦਿੱਲੀ ਯੂਨੀਵਰਸਿਟੀ), ਡਾ. ਧਰਮ ਸਿੰਘ ਅਤੇ ਡਾ. ਸੁਰਜੀਤ ਸਿੰਘ ਭੱਟੀ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਆਪਣੇ ਭਾਸ਼ਣ ਦਿੱਤੇ। ਸ੍ਰ. ਹਰਵਿੰਦਰ ਸਿੰਘ ਹੰਸਪਾਲ ਅਤੇ ਸ੍ਰ. ਸੁਰਿੰਦਰ ਸਿੰਘ ਨਾਮਧਾਰੀ ਨੇ ਸਾਰੇ ਵਿਦਵਾਨ ਬੁਲਾਰਿਆਂ ਤੇ ਹਾਜ਼ਰੀ ਭਰ ਰਹੀ ਸਾਰੀ ਨਾਮਧਾਰੀ ਸੰਗਤ ਅਤੇ ਗੈਰ ਨਾਮਧਾਰੀ ਸਰੋਤਿਆਂ ਦਾ ਵੀ ਬਹੁਤ ਬਹੁਤ ਧੰਨਵਾਦ ਕੀਤਾ। ਸੈਮੀਨਾਰ ਦੇ ਤਿੰਨੇ ਸੈਸ਼ਨਾਂ ਦੌਰਾਨ ਮੰਚ-ਸੰਚਾਲਕੀ ਨੂੰ ਸ੍ਰ. ਗੁਰਭੇਜ ਸਿੰਘ ਗੁਰਾਇਆ ( ਸਕੱਤਰ

ਪੰਜਾਬੀ ਅਕੈਡਮੀ ਦਿੱਲੀ) ਨੇ ਬਾਖੂਬੀ ਨਿਭਾਇਆ। ਲਗਪਗ ਸ਼ਾਮ ਦੇ 5:45 ਵਜੇ ਇਸ ਅੰਤਰ-ਰਾਸ਼ਟਰੀ ਸੈਮੀਨਾਰ ਦੀ ਸਫ਼ਲ ਸਮਾਪਤੀ ਹੋਈ। ਸੈਮੀਨਾਰ ਦੇ ਅੰਤਿਮ ਸੈਸ਼ਨ ਦੇ ਬੁਲਾਰਿਆਂ ਨੂੰ ਵੀ ਸਤਿਗੁਰੂ ਜੀ ਨੇ ਸਨਮਾਨਿਤ ਕੀਤਾ।

ਭੋਜਨ ਦਾ ਵਧੀਆ ਪ੍ਰਬੰਧ ਇੱਕ ਵੱਡੇ ਹਾਲ ਵਿੱਚ ਸੀ। ਸ੍ਰੀ ਭੈਣੀ ਸਾਹਿਬ ਦੀ ਫੋਟੋਗ੍ਰਾਫਿਕ ਤੇ ਵੀਡੀਓ ਟੀਮ (ਸੂਰਤਪਾਲ ਸਿੰਘ ਤੇ ਬੰਤਾ ਸਿੰਘ ਸਮੇਤ) ਨੇ ਸਾਰਾ ਸੈਮੀਨਾਰ ਰਿਕਾਰਡ ਕਰ ਲਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੇ ਸਾਰੇ ਸੈਮੀਨਾਰ ਦੌਰਾਨ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਸਦਕਾ ਇਹ ਅੰਤਰ ਰਾਸ਼ਟਰੀ ਸੈਮੀਨਾਰ ਬਹੁਤ ਹੀ ਯਾਦਗਾਰੀ ਤੇ ਸਫ਼ਲ ਹੋ ਨਿੱਬੜਿਆ।ਇਸ ਸੈਮੀਨਾਰ ਦੌਰਾਨ ਵਿਦਵਾਨਾਂ ਨੇ ਜੋ ਭਾਸ਼ਣ ਦਿੱਤੇ, ਉਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:-

**ਸ਼੍ਰੀ ਅਵਿਨਾਸ਼ ਰਾਏ ਖੰਨਾ (ਸਾਬਕਾ ਮੈਂਬਰ ਰਾਜ ਸਭਾ ਅਤੇ ਵਾਈਸ ਚੇਅਰਮੈਨ ਰੈੱਡ ਕਰਾਸ) :** ਮਲੇਰਕੋਟਲੇ ਦੇ ਸਾਕੇ ਦੌਰਾਨ ਦੋ ਸ਼ਹੀਦੀਆਂ ਬੜੀਆਂ ਦਲੇਰਾਨਾ ਤੇ ਬੇ-ਮਿਸਾਲ ਸਨ। ਬਾਰਾਂ ਸਾਲ ਦੇ ਇੱਕ ਬੱਚੇ (ਬਿਸ਼ਨ ਸਿੰਘ) ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਦਾੜ੍ਹੀਓਂ ਫੜ ਖਿੱਚ ਕੇ ਵੰਗਾਰਿਆ ਸੀ। ਉਸ ਨੂੰ ਤਲਵਾਰਾਂ ਨਾਲ ਸ਼ਹੀਦ ਕੀਤਾ ਗਿਆ। ਦੂਸਰਾ, ਵਰਿਆਮ ਸਿੰਘ ਨੇ ਆਪਣੇ ਪੈਰਾਂ ਹੇਠ ਢੇਮਾਂ ਰੱਖ ਕੇ ਆਪਣੇ ਮਧਰੇ ਕੱਦ ਨੂੰ ਤੋਪ ਦੇ ਮੂੰਹ ਦੇ ਬਰਾਬਰ ਉੱਚਾ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਸਾਰੇ ਨਾਮਧਾਰੀ ਸਿੰਘਾਂ ਨੇ ਤੋਪਾਂ ਸਾਹਮਣੇ ਖੜ ਕੇ ਛਾਤੀਆਂ ਤਾਣ ਕੇ ਕੁਰਬਾਨੀਆਂ ਦਿੱਤੀਆਂ। ਇਹ ਧਰਤੀ ਤਿਆਗ ਤੇ ਖੜ੍ਹੀ ਹੈ। ਨਾਮਧਾਰੀਆਂ ਨੇ ਸ੍ਵੈਮਾਨ ਤੇ ਦੇਸ਼ ਦੀ ਇੱਜ਼ਤ-ਮਾਣ ਨੂੰ ਆਂਚ ਨਾ ਆਉਣ ਦਿੱਤੀ।............ ਸਾਡੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ 'ਕੂਕਾ ਅੰਦੋਲਨ' ਨੂੰ ਸੁਤੰਤਰਤਾ ਦਾ ਅੰਦੋਲਨ ਮੰਨਿਆ ਗਿਆ ਹੈ।

**ਸੰਤ ਗੁਰਬਚਨ ਸਿੰਘ ਨਾਮਧਾਰੀ :** ਸਤਿਗੁਰੂ ਰਾਮ ਸਿੰਘ ਜੀ ਨੇ 1857 ਦੇ ਵਿਦਰੋਹ ਤੋਂ ਇੱਕ ਮਹੀਨਾ ਪਹਿਲਾਂ ਹੀ ਪੰਜਾਬ ਵਿੱਚ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਬਿਗੁਲ ਵਜਾਇਆ। ਸੰਨ 1942 ਦੇ 'ਭਾਰਤ ਛੋੜੋ ਅੰਦੋਲਨ' ਤੋਂ ਕਰੀਬ 75 ਵਰ੍ਹੇ ਪਹਿਲਾਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਨੂੰ ਆਪਣਾ ਬੋਰੀਆ-ਬਿਸਤਰਾ ਬੰਨ੍ਹ ਕੇ ਭਾਰਤ ਛੱਡ ਜਾਣ ਨੂੰ ਕਹਿ ਦਿੱਤਾ ਸੀ।

**ਸ੍ਰ. ਪ੍ਰੇਮ ਸਿੰਘ ਚੰਦੂਮਾਜਰਾ (ਮੈਂਬਰ ਪਾਰਲੀਮੈਂਟ) :** ਅਜੋਕੀ ਕੇਂਦਰੀ ਸਰਕਾਰ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਸਾਲ ਪ੍ਰਕਾਸ਼ ਪੁਰਬ ਕੌਮੀ ਪੱਧਰ ਤੇ ਮਨਾਇਆ ਗਿਆ ਹੈ ਤੇ ਅਗਲੇ ਵਰ੍ਹੇ (2019 ਵਿੱਚ) ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਅਤੇ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ ਵੀ ਮਨਾਏ ਜਾਣਗੇ। 'ਕੂਕਾ ਅੰਦੋਲਨ' ਬੜੇ ਮਾਣ ਅਤੇ ਕੌਮੀ-ਗੌਰਵ ਵਾਲੀ ਲਹਿਰ ਸੀ। ਜੇ ਅੱਜ ਦੇ ਇਤਿਹਾਸਕਾਰ ਪੂਰੀ ਇਮਾਨਦਾਰੀ ਨਾਲ ਲਿਖਣ ਤਾਂ ਅੰਗਰੇਜ਼ਾਂ ਦਾ ਸੰਪੂਰਨ ਬਾਈਕਾਟ ਅਤੇ ਅਹਿੰਸਾ ਤੇ ਅਸਹਿਯੋਗ ਅੰਦੋਲਨ ਦਾ ਸੰਕਲਪ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਪੇਸ਼ ਕੀਤਾ ਸੀ। ਨਾਮਧਾਰੀ ਸਿੱਖਾਂ ਨੇ ਮਲੇਰਕੋਟਲੇ ਵਿਖੇ ਵਿਦੇਸ਼ੀ ਤੇ ਦੇਸੀ ਸ਼ਾਸ਼ਕਾਂ ਦੀਆਂ ਤੋਪਾਂ ਦੇ ਮੂੰਹ ਬੰਦ ਕੀਤੇ। ਉਨ੍ਹਾਂ ਖਿੜ੍ਹੇ-ਮੱਥੇ ਹਜ਼ਾਰਾਂ ਸ਼ਹਾਦਤਾਂ ਦਿੱਤੀਆਂ। ਸਕੂਲਾਂ-ਕਾਲਜਾਂ ਦੀਆਂ ਪਾਠ-ਪੁਸਤਕਾਂ ਵਿੱਚ ਸ੍ਰ. ਹਰੀ ਸਿੰਘ ਨਲਵਾ (ਜਿਸਨੇ ਦੱਰਾ-ਖੈਬਰ ਨੂੰ ਸਦਾ ਵਾਸਤੇ ਬੰਦ ਕਰ ਦਿੱਤਾ) ਅਤੇ ਦੇਸ਼ ਦੇ ਪ੍ਰਥਮ-ਕ੍ਰਾਂਤੀਕਾਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਲਾਜ਼ਮੀ ਪੜ੍ਹਾਇਆ ਜਾਣਾ ਚਾਹੀਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜਿਕ ਕੁਰੀਤੀਆਂ ਵਿਰੁੱਧ ਵੀ ਜ਼ਬਰਦਸਤ ਤੇ ਅਮਲੀ ਮੁਹਿੰਮ ਚਲਾਈ।

**ਡਾ. ਮਹੇਸ਼ ਸ਼ਰਮਾ (ਭਾਰਤ ਸਰਕਾਰ ਦੇ ਰਾਜ-ਮੰਤਰੀ, ਸੱਭਿਆਚਾਰਕ ਮੁਆਮਲੇ) :** ਸਾਡੀ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼-ਪੁਰਬ ਕੌਮੀ-ਪੱਧਰ ਤੇ ਮਨਾਇਆ ਹੈ ਅਤੇ 2019 ਵਿੱਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼-ਪੁਰਬ ਵੀ ਮਨਾਂਵਾਂਗੇ। ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਪੁਰਬ ਮਨਾਉਣ ਦਾ ਫੈਸਲਾ National Implantation Committee ਵਿੱਚ ਕੀਤਾ ਗਿਆ ਸੀ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦਾ 250ਵਾਂ, 275ਵਾਂ ਤੇ 300ਵਾਂ ਪ੍ਰਕਾਸ਼ ਪੁਰਬ ਵੀ ਕੌਮੀ ਪੱਧਰ ਤੇ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਪੁਰਸ਼ ਦੀ ਸਮਾਨਤਾ ਨੂੰ ਦ੍ਰਿੜ ਕਰਵਾਇਆ। ਬਾਲ-ਵਿਆਹ ਦੀ ਪ੍ਰਥਾ ਬੰਦ ਕੀਤੀ, ਤ੍ਰਿਸਕਾਰੀਆਂ ਜਾ ਰਹੀਆਂ ਵਿਧਵਾ ਔਰਤਾਂ ਨੂੰ ਵੀ ਦੁਬਾਰਾ ਸ਼ਾਦੀ ਕਰਵਾਉਣ ਦੀ ਪੂਰੀ ਖੁੱਲ੍ਹ ਦਿੱਤੀ। ਲੜਕੀਆਂ ਨੂੰ ਮਾਰਨ ਦੀ ਭੈੜੀ ਪ੍ਰਥਾ ਨੂੰ ਰੋਕਿਆ। ਇਨ੍ਹਾਂ ਕੋਸ਼ਿਸ਼ਾਂ ਸਦਕਾ ਹੀ ਨਾਮਧਾਰੀ ਸੰਸਥਾ ਅੰਦਰ ਇਸਤਰੀ-ਪੁਰਸ਼ ਦਾ ਅਨੁਪਾਤਕ ਅੰਕੜਾ ਬਹੁਤ ਵਧੀਆ ਹੈ। ਡਾ. ਮਹੇਸ਼ ਸ਼ਰਮਾ ਨੇ ਕੇਂਦਰੀ ਗ੍ਰਹਿ ਮੰਤਰੀ ਦਾ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਅਤੇ ਕਿਹਾ ਕਿ ਭੂਟਾਨ ਦੇ ਪ੍ਰਧਾਨ ਮੰਤਰੀ ਨਾਲ ਇੱਕ ਜ਼ਰੂਰੀ ਮੀਟਿੰਗ ਕਾਰਨ ਸ੍ਰੀ ਰਾਜਨਾਥ ਸਿੰਘ ਜੀ ਅੱਜ ਏਥੇ ਨਹੀਂ ਆ ਸਕੇ।

**ਸ੍ਰੀ ਸਤਿਗੁਰੂ ਉਦੇ ਸਿੰਘ ਜੀ :** ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਸੁਤੰਤਰਤਾ ਅੰਦੋਲਨ ਓਦੋਂ ਚਲਾਇਆ ਸੀ, ਅੰਗਰੇਜ਼ੀ ਰਾਜ ਵਿਰੁੱਧ ਉਦੋਂ ਆਵਾਜ਼ ਉਠਾਈ ਸੀ, ਜਦੋਂ (ਮੁਆਫ ਕਰਨਾ) ਗੁਰਦੁਆਰਿਆਂ ਵਿੱਚ ਵੀ ਅੰਗਰੇਜ਼ੀ ਭਗਤੀ ਅਥਵਾ ਅੰਗਰੇਜ਼ਾਂ ਪ੍ਰਤੀ ਵਫਾਦਾਰੀ ਦੇ ਗੀਤ ਗਾਏ ਜਾਂਦੇ ਸਨ। ਅੰਮ੍ਰਿਤਸਰ ਸਾਕੇ ਦੇ ਨਾਮਧਾਰੀ ਸ਼ਹੀਦਾਂ ਨੇ ਨਿਰਦੋਸ਼ਾਂ ਨੂੰ ਛੁਡਵਾ ਕੇ, ਆਪ ਜਾ ਕੇ ਸ਼ਹੀਦੀਆਂ ਪਾਈਆਂ। ਕੂਕੇ ਸਿੰਘ ਤੋਪਾਂ ਅਤੇ ਫਾਂਸੀਆਂ ਤੋਂ ਨਹੀਂ ਡਰੇ ਸਨ। ਸਤਿਗੁਰੂ ਦੀ ਸਿੱਖਿਆ ਅਤੇ ਕਿਰਪਾ ਸਦਕਾ ਉਹ ਨਿਰਭੈ ਹੋ ਚੁੱਕੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਵਲੋਂ ਤ੍ਰਿਸਕਾਰੀਆਂ ਤੇ ਦੁਰਕਾਰੀਆਂ ਜਾ ਰਹੀਆਂ ਵਿਧਵਾ ਔਰਤਾਂ

ਦੇ ਦੁਬਾਰਾ ਵਿਆਹ ਕਰਵਾਏ। ਸਾਦੇ ਅਤੇ ਗ਼ੈਰ-ਖਰਚੀਲੇ ਵਿਆਹ ਅਨੰਦ-ਕਾਰਜਾਂ ਦੀ ਗੁਰਮਤਿ ਰੀਤ ਸੰਨ 1863 ਵਿੱਚ ਪਿੰਡ ਖੋਟੇ ਤੋਂ ਆਰੰਭ ਕੀਤੀ। ਆਪ ਜੀ ਨੇ ਪੱਥਰ ਦੇ ਛਾਪੇ ਰਾਹੀਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਾਹੌਰ ਤੋਂ ਛਪਵਾਈਆਂ ਅਤੇ ਸਿੱਖ-ਸਮਾਜ ਅੰਦਰ ਗੁਰਬਾਣੀ ਪੜ੍ਹਨ, ਗਾਉਣ, ਵਿਚਾਰਨ ਤੇ ਅਪਣਾਉਣ ਦਾ ਪ੍ਰਚਾਰ ਕੀਤਾ। ਸੰਨ 1930 ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 'ਹਿੰਦੂ-ਸਿੱਖ ਮਿਲਾਪ ਕਾਨਫਰੰਸ' ਕਰਵਾਈ। ਸੰਨ 1934 ਵਿੱਚ 'ਗੁਰੂ ਨਾਨਕ ਨਾਮਲੇਵਾ ਸਰਬ-ਸੰਪ੍ਰਦਾਏ ਕਾਨਫਰੰਸ' ਕਰਵਾਈ। ਇਹ ਸਭ ਏਕਤਾ ਵਾਸਤੇ ਕੀਤਾ, ਭਾਈਚਾਰਕ ਸਾਂਝ ਅਤੇ ਅਮਨ-ਸ਼ਾਂਤੀ ਦੀ ਕਾਇਮੀ ਵਾਸਤੇ ਕੀਤਾ। ਸਮਾਜ, ਦੇਸ਼ ਤੇ ਸੰਸਾਰ ਦੇ ਭਲੇ ਲਈ ਕਾਰਜ ਕੀਤੇ।

**ਪ੍ਰੋ. ਸੁਖਦੇਵ ਸਿੰਘ ਸਿਰਸਾ (ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ) ਵਲੋਂ** Key-note Address **:** ਬੀਤੇ ਸਮੇਂ ਅੰਦਰ ਵਿਸ਼ੇਸ਼ ਤੌਰ ਤੇ ਨਾਮਧਾਰੀ ਲਹਿਰ ਨਾਲ ਨਿਆਂ ਨਹੀਂ ਕੀਤਾ ਗਿਆ। ਅਸਲ ਸਮੱਸਿਆ ਸਾਡੇ ਇਤਿਹਾਸਕਾਰਾਂ ਦੇ ਸੀਮਤ ਦ੍ਰਿਸ਼ਟੀਕੋਣ ਦੀ ਰਹੀ ਹੈ। ਅਧਿਕਤਰ ਇਤਿਹਾਸਕਾਰ ਸੰਪ੍ਰਦਾਇਕ ਦ੍ਰਿਸ਼ਟੀ ਦਾ ਸ਼ਿਕਾਰ ਹੋਏ। ਸੰਨ 1857 ਦੇ ਗ਼ਦਰ ਨੂੰ ਸੈਨਿਕ-ਵਿਦਰੋਹ ਤੱਕ ਸੀਮਤ ਕਰ ਦਿੱਤਾ ਗਿਆ। ਜਵਾਹਰ ਲਾਲ ਨਹਿਰੂ ਤੇ ਹਿਮਾਯੂੰ ਕਬੀਰ ਅਨੁਸਾਰ ਵੀ ਇਹ ਵਿਦਰੋਹ ਸਾਮੰਤੀ ਲੋਕਾਂ ਤੇ ਸੈਨਿਕਾਂ ਦਾ ਵਿਦਰੋਹ ਸੀ। ਖੇਤਰੀ ਯਤਨਾਂ ਦਾ ਜ਼ਿਕਰ ਇਤਿਹਾਸਕਾਰਾਂ ਨੇ ਨਹੀਂ ਕੀਤਾ। ਨਾਮਧਾਰੀ ਲਹਿਰ ਦਾ ਜ਼ਿਕਰ ਬਹੁਤ ਘੱਟ ਹੋਇਆ, ਜੇ ਹੋਇਆ ਵੀ ਤਾਂ ਸੰਪ੍ਰਦਾਇਕ ਦ੍ਰਿਸ਼ਟੀਕੋਣ ਤੋਂ ਹੋਇਆ। ਸਾਡੇ ਜਨ-ਅੰਦੋਲਨਾਂ ਦੀ ਆਵਾਜ਼ ਨੂੰ ਦਬਾ ਦਿੱਤਾ ਗਿਆ। ਜਨ-ਅੰਦੋਲਨਾਂ ਦੇ ਨਾਇਕ ਰਾਸ਼ਟਰ ਦੀ ਚੇਤਨਾ ਨਾ ਬਣ ਸਕੇ। ਰਾਸ਼ਟਰੀ ਮੁੱਖ ਧਾਰਾ ਦੇ ਇਤਿਹਾਸਕਾਰਾਂ ਦੀ ਸੋਚ ਤੇ ਲਿਖਤਾਂ ਦਾ ਇਹ ਅੰਗ ਨਾ ਬਣ ਸਕੇ। ਇਹ ਠੀਕ ਹੈ ਕਿ ਪੰਜਾਬ ਦੇ ਰਜਵਾੜਿਆਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਪਰੰਤੂ 1857 ਦੇ ਗ਼ਦਰ ਦੇ ਅਰੰਭ ਹੋਣ ਤੋਂ 28 ਦਿਨ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਹਿੰਸਾ, ਅਸਹਿਯੋਗ ਅੰਦੋਲਨ ਅਤੇ ਅੰਗਰੇਜ਼ਾਂ ਪ੍ਰਤੀ ਮੁਕੰਮਲ ਬਾਈਕਾਟ ਨੂੰ ਰਾਜਨੀਤਿਕ ਹਥਿਆਰ ਵਜੋਂ ਅਪਨਾਇਆ। ਇੱਕ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਮਾਰ ਦਿੱਤਾ ਗਿਆ। ਸਿੱਖ-ਸਾਮੰਤਾਂ, ਰਾਜੇ-ਰਜਵਾਨਿਆਂ ਦੇ ਚਰਿੱਤਰ ਵਿੱਚ ਕੁਰੀਤੀਆਂ ਆ ਚੁੱਕੀਆਂ ਸਨ। ਸਮਾਜ ਸੁਧਾਰ ਤੋਂ ਤੁਰਦੇ ਤੁਰਦੇ ਨਾਮਧਾਰੀ ਲਹਿਰ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਵੱਡੀ ਬਗਾਵਤ ਦੇ ਰੂਪ ਵਿੱਚ ਉੱਭਰੀ। ਕਸ਼ਮੀਰ, ਗਵਾਲੀਅਰ, ਹੈਦਰਾਬਾਦ ਦੀਆਂ ਸੁਤੰਤਰ ਰਿਆਸਤਾਂ ਅਤੇ ਨੇਪਾਲ, ਕਾਬੁਲ (ਅਫਗਾਨਿਸਤਾਨ), ਰੂਸ ਆਦਿ ਦੇਸ਼ਾਂ ਨਾਲ ਰਾਜਨੀਤਕ ਸੰਬੰਧ ਸਥਾਪਤ ਕੀਤੇ ਗਏ। ਨਾਮਧਾਰੀ ਲਹਿਰ ਸ਼ੁਰੂ ਤੋਂ ਹੀ ਅੰਤਰ-ਰਾਸ਼ਟਰੀ ਚੇਤਨਾ ਵਾਲੀ ਲਹਿਰ ਸੀ।

ਸੰਨ 1863 ਤੋਂ 67 ਦੇ ਚਾਰ ਵਰ੍ਹੇ ਨਵੀਂ ਚੇਤਨਾ ਦਾ ਸਮਾਂ ਸੀ। ਇਸ ਸਮੇਂ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਕਰ ਦਿੱਤਾ ਗਿਆ ਸੀ। ਆਪ ਜੀ ਨੇ ਪਹਿਲਾਂ ਪੰਜ ਤੇ ਫਿਰ ਸਤਾਰਾਂ ਸੂਬੇ ਬਣਾ ਕੇ ਆਪਣੀ ਅੰਗਰੇਜ਼-ਵਿਰੋਧੀ ਮੁਹਿੰਮ ਨੂੰ ਪ੍ਰਚਾਰਿਆ। ਜਦੋਂ ਉਹ ਵੀ ਗ੍ਰਿਫਤਾਰ ਕਰ ਲਏ ਗਏ ਤਾਂ ਆਪ ਜੀ ਨੇ 'ਘਰ ਘਰ ਰਾਮ ਸਿੰਘ' ਕਰ ਦਿੱਤਾ। ਹਰੇਕ ਨਾਮਧਾਰੀ ਸਿੱਖ ਦੇਸ਼ ਆਜ਼ਾਦੀ ਵਾਸਤੇ ਲੜਨ ਮਰਨ ਨੂੰ ਤਿਆਰ ਹੋ ਗਿਆ। ਅੱਜ ਲਿਖਤੀ ਇਤਿਹਾਸ ਨਾਲੋਂ ਮੌਖਿਕ ਇਤਿਹਾਸ ਨੂੰ ਵਧੇਰੇ ਕਬੂਲਿਆ ਜਾ ਰਿਹੈ। ਚੰਦਾ ਸਿੰਘ ਤੇ ਨਿਹਾਲ ਸਿੰਘ ਦੇ ਬਾਰਾਂ-ਮਾਂਹ ਨਾਮਧਾਰੀ ਚੇਤਨਾ ਦੇ ਲੋਕ-ਪੱਖੀ ਤੇ ਲੋਕ-ਅਵਚੇਤਨ ਵਿੱਚ ਵੱਸੇ ਵਧੇਰੇ ਭਰੋਸੇਯੋਗ ਹਨ।

ਇਹਨਾਂ ਪੁਸਤਕਾਂ ਨੂੰ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ ਸੀ ਕਿਉਂਕਿ ਇਨ੍ਹਾਂ ਬਾਰਾਂ-ਮਾਂਹਾਂ ਨੇ ਆਮ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਲੋਕ-ਮਾਰੂ ਨੀਤੀਆਂ ਵਿਰੁੱਧ ਜਾਗਰੂਕ ਕੀਤਾ ਅਤੇ ਦੂਜੇ ਪਾਸੇ ਸਰਕਾਰ ਅੰਗਰੇਜ਼ੀ ਨੂੰ ਨਾਮਧਾਰੀਆਂ ਪ੍ਰਤੀ ਵਧੇਰੇ ਸੁਚੇਤ ਕਰ ਦਿੱਤਾ ਸੀ। ਨਾਮਧਾਰੀ ਅੰਦੋਲਨ ਨਾਬਰੀ (ਬਗਾਵਤ) ਵਾਲਾ ਜਨ ਅੰਦੋਲਨ ਸੀ। ਗ਼ੁਲਾਮ ਭੀਖ ਜਲੰਧਰੀ ਆਪਣੀ ਪੁਸਤਕ "ਤਵਾਰੀਖ-ਏ-ਵਾਕਰੀ" ਵਿੱਚ ਲਿਖਦਾ ਹੈ ਕਿ ਗੁਰੂ ਰਾਮ ਸਿੰਘ ਦੇ ਸਮੇਂ ਪਿੰਡਾਂ ਦੇ ਪਿੰਡ ਕੂਕੇ ਹੋ ਗਏ। ਇਹ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਤੋਂ ਵੀ ਵਧੇਰੇ ਅਸਰਦਾਇਕ ਮੰਨਦਾ ਹੈ। ਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਸਿੱਖਾਂ ਦਾ ਸਾਦਗੀ ਭਰਿਆ ਉੱਚਾ-ਸੁੱਚਾ ਆਚਰਣ ਹੀ ਮਿਕਨਾਤੀਸੀ ਬਣ ਗਿਆ ਤੇ ਆਮ ਲੋਕ ਲੱਖਾਂ ਦੀ ਗਿਣਤੀ 'ਚ ਕੂਕੇ ਬਣਦੇ ਚਲੇ ਗਏ- ਦਸਾਂ ਸਾਲਾਂ ਵਿੱਚ ਨਾਮਧਾਰੀ ਕੂਕੇ ਸਿੱਖਾਂ ਦੀ ਗਿਣਤੀ ਸੱਤ ਲੱਖ ਹੋ ਗਈ।

ਅੰਗਰੇਜ਼ਾਂ ਨੇ ਖ਼ੁਦ ਲਿਖਿਆ ਹੈ ਕਿ 'ਕੂਕਾ ਝੂਠ ਨਹੀਂ ਬੋਲਦਾ' ਤੇ 'ਨਾ ਹੀ ਉਹ ਅੰਗਰਜ਼ੀ ਸਰਕਾਰ ਦਾ ਵਫਾਦਾਰ ਹੋ ਸਕਦਾ ਹੈ'। ਜਦੋਂ ਰਾਜੇ-ਰਜਵਾੜੇ ਅੰਗਰੇਜ਼ਾਂ ਦੇ ਜੁੱਤੀ-ਚੱਟ ਹੋ ਗਏ ਸਨ, ਉਦੋਂ ਕੂਕਿਆਂ ਨੇ ਉੱਚੀਆਂ ਸੁਰਾਂ ਵਿੱਚ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਦਾ ਬਿਗੁਲ ਵਜਾਇਆ। ਅੰਗਰੇਜ਼ ਸਰਕਾਰ ਨੇ ਜਾਣ ਬੁੱਝ ਕੇ ਸੰਪਰਦਾਇਕਤਾ ਨੂੰ ਹਵਾ ਦਿੱਤੀ। ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ (ਗਊ-ਬੱਧ ਤੇ ਬੁੱਚੜਖਾਨਿਆਂ ਦੁਆਰਾ) ਵਿਰੋਧ ਖੜ੍ਹਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਅੱਜ ਹੋਰ ਵੀ ਮਹੱਤਵਪੂਰਨ ਹੋ ਜਾਂਦੈ ਕਿਉਂਕਿ ਅੱਜ ਅੰਤਰ-ਰਾਸ਼ਟਰੀ ਕੰਪਨੀਆਂ ਆਪਣੇ 'ਅੰਧਾ-ਧੁੰਧ ਨਫ਼ੇ ਵਾਲੇ' ਵਪਾਰ ਰਾਹੀਂ ਸਾਡੇ ਦੇਸ਼ ਭਾਰਤ ਵਰਸ਼ ਨੂੰ ਲੁੱਟ ਰਹੀਆਂ ਹਨ। ਅੱਜ ਇੱਕ ਨਵੀਂ ਕਿਸਮ ਦਾ ਬਨਵਾਸ (ਅਥਵਾ ਦੇਸ਼ ਨਿਕਾਲਾ) ਪ੍ਰਾਰੰਭ ਹੋ ਚੁੱਕਾ ਹੈ। ਦੇਸ਼ ਵਿੱਚ ਪੱਸਰੀ ਬੇਰੁਜ਼ਗਾਰੀ ਕਾਰਨ ਬੜੀ ਵੱਡੀ ਗਿਣਤੀ ਵਿੱਚ ਸਾਡੇ ਨੌਜਵਾਨਾਂ ਦਾ ਰੁਝਾਨ ਬਾਹਰਲੇ ਮੁਲਕਾਂ ਨੂੰ ਜਾਣ ਦਾ ਜ਼ੋਰ

ਪਕੜਦਾ ਜਾ ਰਿਹਾ ਹੈ।

**ਡਾਕਟਰ ਰੇਨੂ ਦਿਵੇਦੀ :** ਸਤਿਗੁਰੂ ਰਾਮ ਸਿੰਘ ਜੀ ਨੇ ਸਾਡੇ ਸਮਾਜ ਅਤੇ ਦੇਸ਼ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਅੰਗਰੇਜ਼ਾਂ ਦੀਆਂ ਕੁਟਲ-ਨੀਤੀਆਂ ਕਾਰਨ ਸਾਰਾ ਭਾਰਤ ਵਰਸ਼ ਗ਼ੁਲਾਮ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਵਿਲੱਖਣ ਸੋਚ ਅਤੇ ਸ਼ਖਸੀਅਤ ਦੁਆਰਾ ਸਮਾਜਿਕ ਸੁਧਾਰ ਲਿਆਂਦੇ ਤੇ ਇੱਕ ਨਵੀਂ ਰਾਜਨੀਤਕ ਚੇਤਨਾ ਪੈਦਾ ਕੀਤੀ। ਉਨ੍ਹਾਂ ਨੇ ਰਾਜਨੀਤਕ ਚੇਤਨਾ ਨੂੰ ਧਾਰਮਿਕ ਚੇਤਨਾ ਦਾ ਅੰਗ ਬਣਾ ਲਿਆ।

**ਡਾਕਟਰ ਸਰਬਜੀਤ ਸਿੰਘ :** ਇਸ ਵਿਦਵਾਨ ਬੁਲਾਰੇ ਨੇ ਨਾਮਧਾਰੀ ਲਹਿਰ ਨੂੰ 'ਲੋਕ-ਧਾਰਾ' ਤੇ 'ਲੋਕ-ਮਨ' ਦੇ ਬਿੰਬਾਂ ਰਾਹੀਂ ਉਜਾਗਰ ਕੀਤਾ। ਇਹਨਾਂ ਨੇ ਦੱਸਿਆ ਕਿ ਲੋਕ-ਲਹਿਰਾਂ ਨੂੰ ਸਰਕਾਰ ਪੱਖੀ ਤੇ ਸੰਪਰਦਾਈ ਇਤਿਹਾਸਕਾਰਾਂ ਨੇ ਨਜ਼ਰ-ਅੰਦਾਜ਼ ਕੀਤਾ ਹੈ। ਮੌਖਿਕ ਪਰੰਪਰਾਵਾਂ ਅਨੁਸਾਰ ਲੋਕ-ਮਨ ਉਸ ਕਿਸਮ ਦੀ ਰਾਜਨੀਤੀ ਨਹੀਂ ਖੇਡ ਰਿਹਾ ਹੁੰਦਾ ਜਿਸ ਕਿਸਮ ਦੀ ਉਸ ਸਮੇਂ ਦੇ ਸਾਮੰਤ ਅਤੇ ਰਾਜੇ-ਰਜਵਾੜੇ-ਜਗੀਰਦਾਰ ਖੇਡ ਰਹੇ ਹੁੰਦੇ ਹਨ। ਬਸਤੀਵਾਦੀ ਦੌਰ ਅੰਦਰ ਲੋਕ ਮਨ ਕਵਿਤਾਵਾਂ ਦੇ ਰੂਪ ਵਿੱਚ ਆਪਣਾ ਪ੍ਰਗਟਾਵਾ ਕਰਦਾ ਹੈ। ਕੂਕਿਆਂ ਪ੍ਰਤੀ ਲੋਕ-ਮਨਾਂ ਵਿੱਚ ਵੱਸੇ 'ਲੋਕ-ਗੀਤਾਂ' ਨਾਮਧਾਰੀ-ਲਹਿਰ' ਦੇ ਅਸਲੀ ਬਿੰਬ ਨੂੰ ਉਸਾਰਿਆ। ਵੰਨਗੀ ਵਜੋਂ ਇਹ ਲੋਕ ਗੀਤ ਹੀ ਲਓ-

ਕੂਕਿਆਂ ਦਾ ਪੰਥ ਨਿਰਾਲਾ।
ਅੰਗਰੇਜ਼ਾਂ ਦੀ ਈਨ ਨਾ ਮੰਨਦੇ।
ਮੰਗਿਆਂ ਦੇਣ ਨਾ ਹਾਲਾ।
ਰਾਜ ਅੰਗਰੇਜ਼ਾਂ ਦਾ ਚੰਦ ਰੋਜ਼ ਦਾ ਚਾਲਾ।

ਕੂਕਾ ਲਹਿਰ ਦਾ ਢੰਗ ਤਰੀਕਾ ਆਪਣੇ ਆਪ ਵਿੱਚ ਬਹੁਤ ਹੀ ਨਿਰਾਲਾ ਤੇ ਵਿਲੱਖਣ ਸੀ, ਜਿਸ ਕਾਰਨ ਇਹ ਤਹਿਰੀਕ ਲੋਕ ਮਨਾਂ ਦਾ ਅੰਗ ਬਣ ਗਈ। ਸੁਚੇਤ ਰੂਪ ਵਿੱਚ ਲੋਕ ਚੇਤਨਾ ਤੇ ਲੋਕ ਸੰਵੇਦਨਾ ਦੀ ਮੌਖਿਕ ਪਰੰਪਰਾ ਨੂੰ ਸਾਨੂੰ ਬੜੇ ਹੀ ਧਿਆਨ ਨਾਲ ਲੈਣਾ ਹੋਵੇਗਾ।

**ਸ੍ਰ. ਤਰਲੋਚਨ ਸਿੰਘ (ਸਾਬਕਾ ਮੈਂਬਰ ਰਾਜ ਸਭਾ ਤੇ ਸਾਬਕਾ ਵਾਈਸ ਚੇਅਰਮੈਨ ਨੈਸ਼ਨਲ ਕਮਿਸ਼ਨ ਫਾਰ ਮਾਈਨੌਰਿਟਿਜ਼) :** ਮੈਂ ਵਿਗਿਆਨ ਭਵਨ ਅੰਦਰ ਹੋਏ ਕਈ ਸੈਮੀਨਾਰ ਸਮਾਗਮ ਵੇਖ ਚੁੱਕਾ ਹਾਂ। ਇਹ ਪਹਿਲਾ ਸੈਮੀਨਾਰ ਹੈ ਜਦੋਂ ਇਹ ਹਾਲ ਸਰੋਤਿਆਂ ਨਾਲ, ਵਿਦਵਾਨਾਂ ਦੀ ਹਾਜ਼ਰੀ ਵਿੱਚ, ਪੂਰਾ ਭਰਿਆ ਪਿਆ ਹੈ। ਮੈਂ ਚਾਰ ਪੰਜ ਗੱਲਾਂ ਕਹਿਣੀਆਂ ਹਨ:-

1. ਰੰਗੂਨ ਸ਼ਹਿਰ ਵਿੱਚ (ਜਿੱਥੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੱਖਿਆ ਗਿਆ ਸੀ) ਇਹੋ ਜਿਹਾ ਇੱਕ ਅੰਤਰ-ਰਾਸ਼ਟਰੀ ਪੱਧਰ ਦਾ ਸਮਾਗਮ ਕੀਤਾ ਜਾਣਾ ਚਾਹੀਦੈ।

2. ਰੰਗੂਨ ਸ਼ਹਿਰ ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਦੀ ਇੱਕ ਸਦੀਵੀ ਯਾਦਗਾਰ ਸਥਾਪਤ ਕੀਤੀ ਜਾਵੇ।

3. ਮਲੇਰਕੋਟਲਾ ਸ਼ਹੀਦੀ ਸਥਾਨ ਨੂੰ 'ਨੈਸ਼ਨਲ ਮੂਵਮੈਂਟ' ਘੋਸ਼ਿਤ ਕੀਤਾ ਜਾਵੇ।

4. ਇੱਕ ਵਧੀਆ ਡਾਕੂਮੈਂਟਰੀ ਫਿਲਮ ਅੰਗਰੇਜ਼ੀ ਤੇ ਹਿੰਦੀ ਭਾਸ਼ਾ ਵਿੱਚ ਬਣਾ ਕੇ ਟੀ. ਵੀ. ਰਾਹੀਂ ਦਿਖਾਈ ਜਾਵੇ।

5. ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਵਿੱਚ 1999 'ਖਾਲਸਾ ਤ੍ਰੈਸ਼ਤਾਬਦੀ' ਦੇ ਸਮੇਂ 'ਸ੍ਰੀ ਭੈਣੀ ਸਾਹਿਬ ਤੋਂ ਅਨੰਦ ਪੁਰ ਸਾਹਿਬ' ਇੱਕ ਇਤਿਹਾਸਕ ਯਾਤਰਾ ਸੀ। ਉਹ 2019 ਵਰ੍ਹੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੀ ਤੁਹਾਡੇ ਵਲੋਂ ਅੰਤਰ-ਰਾਸ਼ਟਰੀ ਪੱਧਰ ਤੇ ਮਨਾਇਆ ਜਾਵੇ। ਲੰਡਨ ਅਤੇ ਪੈਰਿਸ ਵਿੱਚ ਵੀ ਇੰਟਰਨੈਸ਼ਨਲ ਲੈਵਲ ਦੇ ਪ੍ਰੋਗਰਾਮ ਕਰਵਾਏ ਜਾਣ। ਇਹ ਸਭ ਇਸ ਕਰਕੇ ਕਹਿ ਰਿਹਾ ਹਾਂ ਕਿ ਤੁਹਾਡੀਆਂ ਚੰਗੀਆਂ ਗੱਲਾਂ ਲੋਕ ਸਿੱਖਣ ਤੇ ਅਪਨਾਉਣ।

ਸ੍ਰ. ਗੁਰਭੇਜ ਸਿੰਘ (ਮੰਚ ਸੰਚਾਲਕ) ਨੇ ਸੂਚਿਤ ਕੀਤਾ ਕਿ ਡਾਕੂਮੈਂਟਰੀ ਬਣ ਰਹੀ ਹੈ। ਸੰਨ 1999 ਦੀ ਅਨੰਦਪੁਰ ਦੀ ਯਾਤਰਾ ਸਮੇਂ ਤਖਤ ਸ੍ਰੀ ਕੇਸਗੜ੍ਹ ਵਿਖੇ ਨਾਮਧਾਰੀ ਪੰਥ ਵਲੋਂ ਚੌਰ ਚੜ੍ਹਾਇਆ ਗਿਆ ਸੀ। ਉਹ ਜਲੂਸ ਦੁਨੀਆਂ ਭਰ ਵਿੱਚ ਸਭ ਤੋਂ ਵੱਧ ਦਰਸ਼ਨੀ ਤੇ ਵਿਸ਼ਾਲ ਸੀ।

**ਡਾ. ਹਰਮੋਹਿੰਦਰ ਸਿੰਘ ਬੇਦੀ (ਚਾਂਸਲਰ, ਕੇਂਦਰੀ ਵਿਸ਼ਵ ਵਿਦਿਆਲਾ, ਹਿਮਾਚਲ ਪ੍ਰਦੇਸ਼) :** ਸੰਨ 2010 ਵਿੱਚ ਪ੍ਰੋ. ਏਲੀਨ ਨੇ ਪੰਜ ਖੰਡਾਂ (Volumes) ਵਿੱਚ ਏਸ਼ੀਆ ਸੰਬੰਧੀ ਇੱਕ ਪੁਸਤਕ ਤਿਆਰ ਕੀਤੀ। ਤੀਜੇ ਖੰਡ ਵਿੱਚ ਵੀਹ ਪੰਨੇ ਪੰਜਾਬ ਬਾਰੇ ਲਿਖੇ ਹਨ, ਜਿਸ 'ਚ ਉਸ ਲੇਖਕ ਨੇ ਦੱਸਿਆ ਹੈ ਕਿ ਏਸ਼ੀਅਨ ਮੁਲਕਾਂ ਵਿੱਚ ਜੰਗੇ ਆਜ਼ਾਦੀ ਦੇ 'ਨਾਮਿਲਵਰਤਨ ਤੇ ਅਸਿਹਯੋਗ ਅੰਦੋਲਨ' ਦੇ ਨਿਰਮਾਤਾ ਸਤਿਗੁਰੂ ਰਾਮ ਸਿੰਘ ਜੀ ਸਨ। ਇੱਕ ਪੂਰਾ ਪਹਿਰਾ ਸਤਿਗੁਰੂ ਰਾਮ ਸਿੰਘ ਜੀ ਬਾਬਤ ਲਿਖਿਆ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਇੱਕ ਹੋਰ ਅੰਤਰ-ਰਾਸ਼ਟਰੀ ਪੱਧਰ ਤੇ ਮਿਲਦਾ ਹੈ। ਲਾਹੌਰ ਲਾਇਬਰੇਰੀ ਵਿੱਚ ਇੱਕ ਬਹੁਤ ਭਾਰੀ ਪੁਸਤਕ ਪੰਜ ਜ਼ੁਬਾਨਾਂ ਵਿੱਚ ਮਿਲਦੀ ਹੈ-ਅੰਗਰੇਜੀ, ਹਿੰਦੀ, ਪੰਜਾਬੀ, ਉਰਦੂ ਤੇ ਫਾਰਸੀ ਵਿੱਚ। ਉਸ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਤੇ ਕਾਰਜ ਦਰਜ ਕੀਤੇ ਗਏ ਹਨ। ਮਰਾਠੀ, ਬੰਗਾਲੀ ਭਾਸ਼ਾ ਦੇ ਤਿੰਨ ਨਾਵਲਾਂ ਵਿੱਚ ਸਤਿਗੁਰੂ ਜੀ ਨੂੰ ਇੱਕ ਨਾਇਕ ਵਜੋਂ ਪ੍ਰਗਟ ਕੀਤਾ ਗਿਆ ਹੈ। ਇਹ ਤਿੰਨੇ ਨਾਵਲ ਸ਼ਾਂਤੀ ਨਿਕੇਤਨ ਦੇ ਪੁਸਤਕਾਲਯ ਵਿੱਚ ਸੁਰੱਖਿਅਤ ਪਏ ਹਨ। ਮੈਥਿਲੀ ਸ਼ਰਨ ਗੁਪਤ ਨੇ ਆਪਣੀ ਪੁਸਤਕ 'ਗੁਰੂਕੁਲ' ਵਿੱਚ ਸਿੱਖ ਗੁਰੂਆਂ ਬਾਬਤ ਲਿਖਿਆ ਹੈ। ਉਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਬਾਬਤ ਵੀ ਇੱਕ ਲੰਮੀ ਕਵਿਤਾ ਹੈ। ਇਹ ਕਵਿਤਾ ਬਨਾਰਸ ਹਿੰਦੂ ਵਿਸ਼ਵ ਵਿਦਿਆਲੇ ਵਿੱਚ ਐਮ. ਏ. ਦੇ ਵਿਦਿਆਰਥੀ ਪੜ੍ਹਦੇ ਰਹੇ ਹਨ। ਕਈਆਂ ਵਿਦਿਆਰਥੀਆਂ ਨੂੰ ਇਹ ਸੰਪੂਰਨ ਕਵਿਤਾ ਜ਼ੁਬਾਨੀ ਯਾਦ ਹੈ। ਮਰਾਠੀ ਭਾਸ਼ਾ ਵਿੱਚ 'ਮੇਰੀ ਆਜ਼ਾਦੀ' ਨਾਮਕ ਇੱਕ ਨਾਟਕ ਖੇਡਿਆ ਗਿਆ। ਉਸ ਨਾਟਕ ਵਿੱਚ ਇੱਕ ਪਾਤਰ ਨਾਮਧਾਰੀ

ਬਾਣੇ ਵਿੱਚ ਅਭਿਨੈ ਕਰਦਾ ਹੈ। ਗਣੇਸ਼ ਸ਼ੰਕਰ ਵਿਦਿਆਰਥੀ ਨੇ ਅਲਾਹਾਬਾਦ ਤੋਂ ਛਪਦੇ 'ਪ੍ਰਤਾਪ' ਅਖਬਾਰ ਵਿੱਚ ਸ੍ਰ. ਭਗਤ ਸਿੰਘ ਦਾ ਇੱਕ ਲੇਖ ਸਤਿਗੁਰੂ ਰਾਮ ਸਿੰਘ ਜੀ ਬਾਬਤ ਛਾਪਿਆ ਸੀ। ਦਿੱਲੀ ਤੋਂ ਛਪਦੇ ਹਿੰਦੀ ਮੈਗਜ਼ੀਨ 'ਮਹਾਂਰਥੀ' ਵਿੱਚ ਵੀ ਸ੍ਰ. ਭਗਤ ਸਿੰਘ ਸ਼ਹੀਦ ਦੇ ਲਿਖੇ ਤਿੰਨ ਲੇਖ ਛਪੇ ਜਿਸ ਵਿੱਚ ਸ੍ਰ. ਭਗਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਲੱਖਣ ਸਖਸ਼ੀਅਤ ਤੇ ਕਾਰਜਾਂ ਦਾ ਉਲੇਖ ਕੀਤੈ।

**ਡਾ. ਕੁਲਦੀਪ ਸਿੰਘ (ਮੁਖੀ, ਸਤਿਗੁਰੂ ਰਾਮ ਸਿੰਘ ਚੇਅਰ, ਕੇਂਦਰੀ ਵਿਸ਼ਵ ਵਿਦਿਆਲਾ, ਬਠਿੰਡਾ) :** ਤੀਸਰੇ ਸੈਸ਼ਨ ਵਿੱਚ ਆਪਣਾ ਪੇਪਰ ਪੜ੍ਹਨ ਵਾਲੇ ਇਹ ਪਹਿਲੇ ਵਿਦਵਾਨ ਸਨ। ਇਨ੍ਹਾਂ ਨੇ ਨਾਮਧਾਰੀਆਂ ਦੇ ਖੇਤਰੀ ਪਸਾਰੇ ਅਤੇ ਕਾਸ਼ਤਕਾਰ ਕਿੱਤਾ ਮੁਖੀ ਦਸਤਕਾਰੀ ਲੋਕਾਂ ਦੀ ਜਮਾਤ ਵਜੋਂ ਸੁਤੰਤਰਤਾ ਸੰਗਰਾਮ ਵਿੱਚ ਸ਼ਮੂਲੀਅਤ ਦਾ ਜ਼ਿਕਰ ਕੀਤਾ। ਪ੍ਰੋਫੈਸਰ ਕੁਲਦੀਪ ਸਿੰਘ ਨੇ ਦੱਸਿਆ ਕਿ ਕਈ ਵਿਸ਼ੇਸ਼ ਪਿੰਡ ਤਾਂ ਪੂਰੇ ਦੇ ਪੂਰੇ ਨਾਮਧਾਰੀਆਂ ਦੇ ਹੀ ਹੋ ਗਏ ਸਨ। ਜ਼ਿਲ੍ਹਾ ਸਿਆਲਕੋਟ ਅਤੇ ਖਾਸ ਕਰ ਦੜਪ ਦਾ ਇਲਾਕਾ ਤਾਂ ਸਾਰੇ ਦਾ ਸਾਰਾ ਹੀ ਨਾਮਧਾਰੀ ਵਸੋਂ ਵਾਲਾ ਹੋ ਗਿਆ ਸੀ। ਇਤਿਹਾਸ ਦੱਸਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਇਲਾਕੇ ਵਿੱਚ ਸਿੱਖੀ ਦੀ ਪੰਡ ਹੀ ਖੋਲ੍ਹ ਦਿੱਤੀ ਸੀ। ਬਹੁਤ ਸਾਰੇ ਮੁਸਲਮਾਨ ਲੋਕ ਵੀ ਉਸ ਸਮੇਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿੱਚ ਵੀ, ਨਾਮਧਾਰੀ ਸਿੱਖਾਂ ਦੇ ਦੀਵਾਨ-ਕੀਰਤਨ ਸੁਣਿਆ ਕਰਦੇ ਸਨ ਅਤੇ ਕਈ ਮੁਸਲਮਾਨ ਵੀ ਆਪਣੇ ਆਪ ਨੂੰ ਨਾਮਧਾਰੀ ਕਹਿਲਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਬਹੁਤ ਸਾਰੇ ਜ਼ਿਮੀਂਦਾਰ ਤੇ ਦਸਤਕਾਰੀ ਲੋਕ ਨਾਮਧਾਰੀ ਪੰਥ ਵਿੱਚ ਪ੍ਰਵੇਸ਼ ਕਰ ਗਏ। ਅੰਗਰੇਜ਼ੀ ਭਾਸ਼ਾ ਦਾ ਬਾਈਕਾਟ, ਅੰਗਰੇਜ਼ਾਂ ਦੀਆਂ ਚਲਾਈਆਂ/ਬਣਾਈਆਂ ਕੋਰਟ-ਕਚਹਿਰੀਆਂ, ਸਕੂਲਾਂ-ਕਾਲਜਾਂ, ਰੇਲਾਂ-ਸੜਕਾਂ, ਨਹਿਰਾਂ ਤੇ ਡਾਕ-ਤਾਰ ਆਦਿਕ ਦਾ ਸੰਪੂਰਨ ਬਾਈਕਾਟ ਤੇ ਇਨ੍ਹਾਂ ਦੀ ਜਗ੍ਹਾ ਸਵਦੇਸ਼ੀ ਦੀ ਲਹਿਰ ਤੇ ਆਪਣੀਆਂ ਪੰਚਾਇਤਾਂ ਦੀ ਕਾਇਮੀ, ਆਪਣਾ ਕੂਕਾ ਡਾਕ ਪ੍ਰਬੰਧ ਨਾਮਧਾਰੀ ਲਹਿਰ ਦੀ ਵਿਲੱਖਣਤਾ ਸੀ। ਸਿੱਖਿਆ ਦੇ ਮਾਧਿਅਮ ਰਾਹੀਂ ਅਸੀਂ ਇਸ ਲਹਿਰ ਨੂੰ ਬਹੁਤ ਅਗਾਂਹ ਲਿਜਾ ਸਕਦੇ ਹਾਂ। ਨਾਮਧਾਰੀਆਂ ਦੇ ਆਪਣੇ ਸਕੂਲ, ਕਾਲਜ ਅਤੇ ਘੱਟੋ ਘੱਟ ਇੱਕ ਯੂਨੀਵਰਸਿਟੀ ਵੀ ਹੋਣੀ ਚਾਹੀਦੀ ਹੈ, ਜਿਨ੍ਹਾਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਘਰ ਘਰ ਪਹੁੰਚ ਸਕੇ।

**ਪ੍ਰੋਫੈਸਰ ਵਿਨੀਤਾ :** ਇਸ ਵਿਦੂਸ਼ੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦੀ ਅਲੌਕਿਕਤਾ ਅਤੇ ਵਿਲੱਖਣਤਾ ਦਾ ਚਿੱਤਰ ਪੇਸ਼ ਕੀਤਾ। ਸਤਿਗੁਰੂ ਜੀ ਦਾ ਬਚਪਨ, ਪਿੰਡ ਖੇਤੀ ਤੇ ਦੁਕਾਨ ਕਰਨੀ, ਖਾਲਸਾ ਫੌਜ ਵਿੱਚ ਨੌਕਰੀ ਤੇ ਫਿਰ ਉਸਦਾ ਤਿਆਗ। ਇਨ੍ਹਾਂ ਪਹਿਲੂਆਂ 'ਚੋਂ ਗੁਜ਼ਰਦੇ ਹੋਏ ਆਪ ਜੀ ਦੀ ਸਖਸ਼ੀਅਤ ਤੇ ਵਿਚਾਰਧਾਰਾ ਨੇ ਇਨਕਲਾਬੀ ਰੂਪ ਧਾਰ ਲਿਆ। ਨਾਮਧਾਰੀਆਂ ਦਾ ਸ਼ਾਸਤਰੀ ਸੰਗੀਤ ਤੇ ਵੱਡੇ ਵੱਡੇ ਸੰਗੀਤਕ ਘਰਾਣਿਆਂ ਨਾਲ ਸੰਬੰਧ ਬਹੁਤ ਹੀ ਵਿਸ਼ੇਸ਼ ਹਨ। ਇਨ੍ਹਾਂ ਵਿੱਚ ਔਰਤਾਂ ਵਾਸਤੇ ਸਮਾਜਿਕ ਬਰਾਬਰੀ ਦਿਖਾਈ ਦੇਂਦੀ ਹੈ। ਅਜਿਹੇ ਸੈਮੀਨਾਰਾਂ ਵਿੱਚ ਵੀ ਨਾਮਧਾਰੀ ਔਰਤਾਂ ਤੇ ਕੁੜੀਆਂ ਨੂੰ ਅੱਗੇ ਆਉਣਾ ਤੇ ਲਿਆਉਣਾ ਚਾਹੀਦਾ ਹੈ। ਸਿੱਖਾਂ ਬਾਰੇ ਆਪਣੀ ਪੁਸਤਕ ਦੀ ਨਵੀਂ ਐਡੀਸ਼ਨ ਵਿੱਚ ਮੈਂ ਨਾਮਧਾਰੀਆਂ ਬਾਬਤ ਵੀ ਖੋਜ ਕਰਕੇ ਇੱਕ ਅਧਿਆਇ ਸ਼ਾਮਿਲ ਕਰਾਂਗੀ।

**ਸ੍ਰ. ਸੁਵਰਨ ਸਿੰਘ ਸਨੇਹੀ :** ਇਨ੍ਹਾਂ ਨੇ ਆਪਣਾ ਪੇਪਰ ਅੰਗਰੇਜ਼ੀ ਵਿੱਚ ਲਿਖਿਆ ਤੇ ਅੰਗਰੇਜ਼ੀ ਵਿੱਚ ਹੀ ਪੜ੍ਹਿਆ। ਇਨ੍ਹਾਂ ਕਿਹਾ ਕਿ ਮੈਂ ਅੰਗਰੇਜ਼ੀ ਦੀ ਐਮ. ਏ. ਇਸ ਵਾਸਤੇ ਕੀਤੀ ਕਿ ਮੈਂ ਕੂਕਾ ਮੂਵਮੈਂਟ ਦੇ ਇਤਿਹਾਸ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਸੈਂਟਰ ਸਟੇਜ ਉੱਪਰ ਪ੍ਰਸਤੁਤ ਕਰ ਸਕਾਂ। ਇਨ੍ਹਾਂ ਦੱਸਿਆ ਕਿ ਨਾਮਧਾਰੀ ਲਹਿਰ ਦਾ ਵੱਡਾ ਖਾਸਾ ਹੀ ਇਹ ਸੀ ਕਿ ਇਹ ਮੁੱਖ ਤੌਰ ਤੇ ਕਿਸਾਨੀ ਅਤੇ ਫਿਰ ਕਾਸ਼ਤਕਾਰੀ-ਦਸਤਕਾਰੀ ਲੋਕ ਲਹਿਰ ਸੀ।

**ਪ੍ਰੋਫੈਸਰ ਜਗਮੋਹਨ ਸਿੰਘ (ਸ਼ਹੀਦ ਭਗਤ ਸਿੰਘ ਦੇ ਭਣੇਵੇਂ, ਬੀਬੀ ਅਮਰ ਕੌਰ ਦੇ ਸਪੁੱਤਰ) :** ਇਨ੍ਹਾਂ ਦੱਸਿਆ ਕਿ ਸ੍ਰ. ਭਗਤ ਸਿੰਘ ਤੇਰਾਂ ਵਰ੍ਹਿਆਂ ਦੀ ਉਮਰ ਵਿੱਚ ਮੁਠੱਡੇ ਵਿਖੇ 'ਨਾਮਧਾਰੀ ਸ਼ਹੀਦੀ ਕਾਨਫਰੰਸ' ਵਿੱਚ ਆਪਣੇ ਪਿਤਾ ਸ੍ਰ. ਅਰਜਨ ਸਿੰਘ ਜੀ ਨਾਲ ਸ਼ਾਮਲ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਉਹ 'ਜੁਗ-ਪਲਟਾਊ' ਨੇਤਾ ਮੰਨਦੇ ਸਨ। ਮਹਾਂਰਥੀ ਤੇ ਕਿਰਤੀ ਰਸਾਲਿਆਂ ਵਿੱਚ ਸ੍ਰ. ਭਗਤ ਸਿੰਘ ਨੇ ਇਸ 'ਮਹਾਂ-ਨਾਇਕ' ਬਾਬਤ ਲੇਖ ਲਿਖੇ। ਸਤਿਗੁਰੂ ਰਾਮ ਸਿੰਘ ਜੀ ਦਾ ਮਿਸ਼ਨ ਸਮਾਜਕ ਮੁਕਤੀ ਦਾ ਅੰਦੋਲਨ ਸੀ। ਸ੍ਰ. ਅਰਜਨ ਸਿੰਘ ਦੇ ਵੱਡੇ ਭਰਾ ਸੁਰਜਨ ਸਿੰਘ ਪਹਿਲੇ ਨਾਮਧਾਰੀਆਂ ਵਿੱਚੋਂ ਸਨ। ਸਾਡੇ ਨਾਨੀ ਜੀ ਚੰਡੀ ਦੀ ਵਾਰ ਦਾ ਪਾਠ ਕੀਤਾ ਕਰਦੇ ਸਨ। ਚੰਡੀ ਦੀ ਵਾਰ ਦਾ ਪਾਠ ਦੈਵੀ-ਸ਼ਕਤੀਆਂ ਨੂੰ ਵਿਦਮਾਨ ਕਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਫੈਲਾਈ ਜਾਵੇ।

**ਸ੍ਰ. ਸੁਵਰਨ ਸਿੰਘ ਵਿਰਕ :** ਇਸ ਵਿਦਵਾਨ ਵਕਤਾ ਦੇ ਪਰਚੇ ਦਾ ਵਿਸ਼ਾ 'ਅਗਲੀਆਂ ਲੋਕ ਲਹਿਰਾਂ ਉੱਪਰ ਕੂਕਾ ਲਹਿਰ ਦੇ ਪ੍ਰਭਾਵ' ਸੀ। ਵਿਰਕ ਜੀ ਨੇ ਦੱਸਿਆ ਕਿ ਅੰਗਰੇਜ਼ੀ ਸਰਕਾਰ ਨੇ ਸਾਰੇ ਦਾ ਸਾਰਾ ਕੂਕਾ ਫਿਰਕਾ 'ਬਾਗ਼ੀ' ਕਰਾਰ ਦੇ ਦਿੱਤਾ ਸੀ ਪਰੰਤੂ ਕੂਕਿਆਂ ਨੇ ਹਰ ਪ੍ਰਕਾਰ ਦੀ ਸਖਤੀ ਨੂੰ ਬੜੀ ਦਲੇਰੀ ਨਾਲ ਝੱਲਿਆ। ਸ੍ਰ. ਅਰਜਨ ਸਿੰਘ ਗੜਗੱਜ ਅਨੁਸਾਰ 'ਬੁੱਚੜਖਾਨੇ' ਅੰਗਰੇਜ਼ਾਂ ਦੁਆਰਾ ਫਿਰਕਾਪ੍ਰਸਤੀ ਨੂੰ ਫੈਲਾਉਣ ਦੇ ਅੱਡੇ ਸਥਾਪਤ ਕੀਤੇ ਗਏ ਸਨ। ਗ਼ਦਰੀ ਬਾਬਿਆਂ ਦੀ 'ਗ਼ਦਰ ਲਹਿਰ' ਤੇ 'ਕਾਮਾ ਗਾਟਾ ਮਾਰੂ ਲਹਿਰ' ਨੂੰ ਅੰਗਰੇਜ਼ ਪੱਖੀ ਸਿੰਘ ਸਭਾਈ 'ਖਾਲਸਾ ਸਮਾਚਾਰ' ਵਰਗੀਆਂ ਸੰਸਥਾਵਾਂ ਤੇ ਪੱਤਰਕਾਵਾਂ ਨੇ ਕਿਹਾ ਕਿ ਇਹ ਲੋਕ 'ਸਿੱਖ' ਨਹੀਂ ਹਨ (ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵਿਸ਼ੇਸ਼ ਹੁਕਮ ਕਰਕੇ ਕਿਹਾ ਕਿ ਇਹ ਲੋਕ ਵੀ ਸਿੱਖ

ਹਨ)। ਬਾਬਾ ਸੋਹਨ ਸਿੰਘ ਭਕਨਾ ਆਪਣੀ ਚੜ੍ਹਦੀ ਜਵਾਨੀ ਵੇਲੇ ਜੱਟਾਂ ਦਾ ਇੱਕ ਵਿਗੜਿਆ ਹੋਇਆ ਮੁੰਡਾ ਸੀ, ਜਿਸਨੂੰ ਸਿੱਧੇ ਰਸਤੇ ਇੱਕ ਨਾਮਧਾਰੀ ਸੰਤ ਬਾਬਾ ਕੇਸਰ ਸਿੰਘ ਮੁਹਾਵਾ ਨੇ ਪਾਇਆ। ਗਰੇਵਾਲਾਂ ਦੇ ਪਿੰਡੀਂ-ਨਾਰੰਗਵਾਲ ਤੇ ਗੁੱਜਰਵਾਲ ਆਦਿਕ-ਕੁੜੀਆਂ ਨੂੰ ਜੰਮਦਿਆਂ ਹੀ ਮਾਰ/ਮਰਵਾ ਦਿੰਦੇ ਸਨ। ਇਹੀ ਗਰੇਵਾਲ ਲੋਕ ਨਾਮਧਾਰੀ ਲਹਿਰ ਦੇ ਮੁੱਖ ਇਨਕਲਾਬੀ ਬਣੇ। ਲੋਹਗੜ੍ਹ ਦਾ ਦੇਵਾ ਸਿੰਘ ਤੋਪ ਨਾਲ ਉਡਾਇਆ ਗਿਆ। ਰਾਈਆਂ ਪਿੰਡ ਦਾ ਹਜ਼ਾਰਾ ਸਿੰਘ ਜੇਲ੍ਹ ਅੰਦਰ ਸ਼ਹੀਦ ਹੋਇਆ। ਸਰਹਾਲੀ ਪਿੰਡ ਦਾ ਸ਼ਾਮ ਸਿੰਘ ਰੂਸ ਸਰਕਾਰ ਦੀ ਚਿੱਠੀ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਪਾਸ ਅੱਪੜਿਆ (ਮਰਗੋਈ ਵਿਖੇ) ਤੇ ਉੱਥੋਂ ਹੀ ਗ੍ਰਿਫਤਾਰ ਕਰ ਲਿਆ ਗਿਆ। ਉਸ ਮਗਰੋਂ, ਸਰਹਾਲੀ ਦਾ ਹੀ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਸਾਕੇ ਦਾ ਸਿਰਕੱਢ ਲੀਡਰ ਬਣਿਆ। ਸੰਸਾਰ ਜੰਗ ਵੇਲੇ ਜਦੋਂ ਅੰਗਰੇਜ਼ ਸਰਕਾਰ ਨੇ ਨਾਮਧਾਰੀਆਂ ਦੀ ਭਰਤੀ ਮੰਗੀ (ਆਪਣੀ ਫੌਜ ਵਾਸਤੇ) ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਅੰਗਰੇਜ਼ਾਂ ਨੂੰ ਕਰਾਰਾ ਜਵਾਬ ਦੇਂਦੇ ਹੋਏ ਨਾਂਹ ਕਰ ਦਿੱਤੀ। 'ਰਿਆਸਤੀ ਪਰਜਾ ਮੰਡਲ ਲਹਿਰ' ਦੇ ਸੰਤ ਇੰਦਰ ਸਿੰਘ ਚੱਕਰਵਰਤੀ ਸਕੱਤਰ ਰਹੇ ਸਨ। ਫਰੀਦਕੋਟ ਰਿਆਸਤ ਦਾ ਰਾਜਾ ਬਿਕਰਮ ਸਿੰਘ, ਨਾਭੇ ਦਾ ਰਾਜਾ ਹੀਰਾ ਸਿੰਘ ਅਤੇ ਏਧਰੋਂ ਕੇਵਲ ਨਾਮਧਾਰੀ ਪੰਥ ਹੀ ਸੀ, ਜਿਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਇਮਦਾਦ ਦੇਣ/ਕਰਨ ਦੇ ਵਾਅਦੇ ਕੀਤੇ ਸਨ। ਬਾਕੀ ਸਾਰੇ ਪੰਜਾਬ ਦੇ ਰਾਜੇ ਰਜਵਾੜਿਆਂ, ਜਗੀਰਦਾਰਾਂ, ਮਹੰਤਾਂ, ਪੁਜਾਰੀਆਂ ਨੇ ਸਰਕਾਰ ਅੰਗਰੇਜ਼ੀ ਨੂੰ ਮੈਮੋਰੰਡਮ ਲਿਖ ਘੱਲੇ ਸਨ ਕਿ ਦਲੀਪ ਸਿੰਘ ਨੂੰ ਭਾਰਤ ਅਤੇ ਪੰਜਾਬ ਵਾਪਸ ਨਾ ਆਉਣ ਦਿੱਤਾ ਜਾਵੇ। ਮਹਾਰਾਜ ਗੁਰਦਿਆਲ ਸਿੰਘ ਤੇ ਮਹਾਰਾਜ ਮਿਹਾਲ ਸਿੰਘ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਪ੍ਰਤੱਖਦਰਸ਼ੀ ਗਵਾਹ ਸਨ। ਨਾਮਧਾਰੀਆਂ ਦੇ ਪਰਚੇ 'ਸਤਿਜੁਗ' ਨੇ ਸ੍ਰ. ਭਗਤ ਸਿੰਘ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਉਨ੍ਹਾਂ ਦੀ ਯਾਦ ਵਿੱਚ ਤਿੰਨ-ਚਾਰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਸਨ। ਇਹ ਹੈ ਨਾਮਧਾਰੀ ਲਹਿਰ ਦਾ ਖਾਸਾ।

**ਡਾਕਟਰ ਮਨਜੀਤ ਸਿੰਘ ਨਿੱਝਰ (ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ) :** ਇਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਦੇ ਦੋ ਮੁੱਖ ਪਹਿਲੂ ਬਿਆਨ ਕੀਤੇ। ਨਾਮਧਾਰੀ ਲਹਿਰ ਨੇ ਤਿੰਨ ਹੋਰ ਵੱਡੀਆਂ ਸੁਤੰਤਰਤਾ ਦੀਆਂ ਲਹਿਰਾਂ ਨੂੰ ਜਨਮ ਦਿੱਤਾ-'ਪਗੜੀ ਸੰਭਾਲ ਜੱਟਾ ਲਹਿਰ', 'ਕਿਰਤੀ ਕਿਸਾਨ ਲਹਿਰ' ਤੇ 'ਗੁਰਦੁਆਰਾ ਸੁਧਾਰ ਲਹਿਰ'। ਨਾਮਧਾਰੀਆਂ ਦਾ ਅਨੁਸ਼ਾਸਨ ਅਤੇ ਸਾਦਾ ਤੇ ਸ਼ੁੱਧ ਚਰਿੱਤਰ ਹੀ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਪਿਆ। ਅਨੰਦਪੁਰ ਵਿਖੇ ਸਤਿਗੁਰੂ ਰਾਮ ਸਿੰਘ ਜੀ ਨੇ ਦੋ ਹੋਲੇ ਕੀਤੇ। ਦੂਸਰੇ ਹੋਲੇ ਦੌਰਾਨ ਅੰਗਰੇਜ਼ ਡਿਪਟੀ ਕਮਿਸ਼ਨਰ ਫੋਰਸਿਥ ਨਾਮਧਾਰੀਆਂ ਦਾ ਅਨੁਸ਼ਾਸਨ ਦੇਖ ਕੇ ਦੰਗ ਰਹਿ ਗਿਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਇੱਕ ਇਸ਼ਾਰੇ ਤੇ ਹੀ ਉਨ੍ਹਾਂ ਦੇ 20-25 ਹਜ਼ਾਰ ਸਿੱਖਾਂ ਦਾ ਕਾਫਲਾ ਇਕਦਮ ਰੁਕ ਗਿਆ ਸੀ। ਨਾਮਧਾਰੀ ਸਿੰਘਾਂ ਦੇ ਅਨੁਸ਼ਾਸਨ ਕਾਰਨ ਹੀ 'ਕਸ਼ਮੀਰ ਪਲਟਨ' ਵਿੱਚ ਇਨ੍ਹਾਂ ਦੇ ਸਿਪਾਹੀਆਂ ਨੂੰ ਇੱਕ ਰੁਪਈਆ ਵਧੇਰੇ ਤਨਖਾਹ ਦਿੱਤੀ ਜਾਂਦੀ ਸੀ।

**ਡਾਕਟਰ ਧਰਮ ਸਿੰਘ :** ਇਸ ਵਿਦਵਾਨ ਨੇ ਨਾਮਧਾਰੀ ਲੇਖਕ ਸੰਤ ਕਾਲਾ ਸਿੰਘ ਨੰਗਲ (ਲੁਧਿਆਣਾ) ਦੇ 'ਪੰਥ ਪ੍ਰਕਾਸ਼ ਸਿੰਘਾਂ ਨਾਮਧਾਰੀਆਂ ਦਾ' ਜ਼ਿਕਰ ਕੀਤਾ। ਬਿਸ਼ਨ ਸਿੰਘ ਹਿਸਟੋਰੀਅਨ ਕਾਲਾ ਸਿੰਘ ਦੇ ਸਪੁੱਤਰ ਸਨ, ਜਿਨ੍ਹਾਂ ਨੇ 'ਸ਼ਹੀਦ ਬਿਲਾਸ' ਲਿਖਿਆ' ਡਾਕਟਰ ਧਰਮ ਸਿੰਘ ਅਨੁਸਾਰ ਮਲੇਰਕੋਟਲੇ ਦੇ ਸਾਕੇ ਦੇ ਦੋ ਵੱਡੇ ਕਾਰਨ ਇਹ ਸਨ। ਇੱਕ ਇਹ ਕਿ ਉਸ ਸਮੇਂ ਮਲੇਰਕੋਟਲਾ ਰਿਆਸਤ ਵਿੱਚ ਬੜੀ ਬੇਅਮਨੀ ਸੀ, ਦੂਸਰਾ ਏਸੇ ਸ਼ਹਿਰ ਵਿੱਚ ਹੀ ਇੱਕ ਅਰਾਈਂ ਨਾਲ ਝਗੜਾ ਹੋ ਜਾਣ ਕਾਰਨ, ਫਰਵਾਹੀ ਪਿੰਡ ਦੇ ਨੰਬਰਦਾਰ ਗੁਰਮੁਖ ਸਿੰਘ ਨਾਮਧਾਰੀ ਦੇ ਸਾਹਵੇਂ ਇੱਕ ਬੈਲ ਨੂੰ ਕੋਹ ਕੋਹ ਕੇ ਕਤਲ ਕੀਤਾ ਗਿਆ। ਉਸਨੇ ਜਦੋਂ ਇਹ ਸਭ ਕੁਝ ਨਾਮਧਾਰੀ ਮਸਤਾਨਿਆਂ ਨੂੰ ਜਾ ਦੱਸਿਆ ਤਾਂ ਉਨ੍ਹਾਂ ਨੇ ਕਸਾਈਆਂ ਨੂੰ ਸੋਧਣ ਵਾਸਤੇ ਮਲੇਰਕੋਟਲੇ ਉੱਪਰ ਹਮਲਾ ਕਰ ਦਿੱਤਾ ਸੀ ਅਤੇ ਮਗਰੋਂ ਓਥੇ ਹੀ ਤੋਪਾਂ ਨਾਲ ਉਡਾਏ ਗਏ ਸਨ।

**ਡਾ. ਮਨਜੀਤ ਸਿੰਘ (ਸਾਬਕਾ ਮੁਖੀ ਪੰਜਾਬੀ ਵਿਭਾਗ ਦਿੱਲੀ ਯੂਨੀਵਰਸਿਟੀ) :** ਇਹਨਾਂ ਨੇ ਇੱਕ ਦਿਲਚਸਪ ਵਾਕਿਆ ਬਿਆਨ ਕੀਤਾ। ਡਾ. ਮਦਨ ਲਾਲ ਹਸੀਜਾ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸਨ। ਉਹ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਇਸ ਵਿਭਾਗ ਦੇ ਮੁਖੀ ਵਜੋਂ ਹੋਰ ਅਗਾਂਹ ਐਕਸਟੈਨਸ਼ਨ ਮਿਲ ਜਾਵੇ। ਉਨ੍ਹਾਂ ਨੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੀ ਰਾਹੀਂ (ਜੋ ਉਸ ਵੇਲੇ ਪੰਜਾਬ ਕਾਂਗਰਸ ਦੇ ਪ੍ਰਧਾਨ ਸਨ) ਸਰਕਾਰੇ ਦਰਬਾਰੇ ਸਿਫਾਰਸ਼ ਕਰਨ ਦੀ ਬੇਨਤੀ ਕੀਤੀ। ਉੱਤਰ ਮਿਲਿਆ ਕਿ ਤੁਸੀਂ 'ਨਾਮਧਾਰੀ ਲਹਿਰ' ਸੰਬੰਧੀ ਇੱਕ ਸਫਲ ਸੈਮੀਨਾਰ ਕਰਵਾ ਦਿਓ। ਇਹ ਸੈਮੀਨਾਰ ਹੀ ਤੁਹਾਡੇ ਵਾਸਤੇ ਸਫਲਤਾ ਦੀ ਪੌੜੀ ਬਣ ਜਾਵੇਗਾ। ਹਸੀਜਾ ਜੀ ਨੇ ਪੂਰੀ ਤਨਦੇਹੀ ਨਾਲ ਤਿਆਰੀ ਕਰ ਕੇ ਉਹ ਸੈਮੀਨਾਰ ਕਰਵਾਇਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਸਮਾਂ ਸੈਮੀਨਾਰ ਵਿੱਚ ਸ਼ਿਰਕਤ ਕੀਤੀ। ਅੱਜ ਵੀ ਵਰਤਮਾਨ ਸਤਿਗੁਰੂ ਜੀ ਸਵੇਰ ਤੋਂ ਹੀ ਸ਼ਿਰਕਤ ਕਰ ਰਹੇ ਹਨ। ਉਹ ਸੈਮੀਨਾਰ ਤਿੰਨ ਦਿਨਾਂ ਦਾ ਸੀ, ਤੇ ਉਸ ਸੈਮੀਨਾਰ ਵਿੱਚ 35-40 ਪਰਚੇ ਪੜ੍ਹੇ ਗਏ ਸਨ। ਉਨ੍ਹਾਂ ਵਕਤਿਆਂ ਵਿੱਚ ਵਿਰਕ ਜੀ ਵੀ ਸਨ। ਮੈਂ ਬੇਨਤੀ ਕਰਦਾ ਹਾਂ ਕਿ ਉਸ ਸੈਮੀਨਾਰ ਦੀ ਫਾਈਲ ਕਢਵਾ ਕੇ ਪੁਸਤਕ ਛਪਵਾਈ ਜਾਵੇ। ਜਿਸ ਦੌਰ ਵਿੱਚੋਂ ਅਸੀਂ ਗੁਜ਼ਰ ਰਹੇ ਹਾਂ ਇਹ ਇਨਫਰਮੇਸ਼ਨ ਤਕਨਾਲੋਜੀ, ਮੀਡੀਆ ਅਤੇ ਗਲੋਬਲਾਈਜ਼ੇਸ਼ਨ ਦਾ ਪੀਰੀਅਡ ਹੈ। ਜੇ ਅਸੀਂ ਇਨ੍ਹਾਂ ਤਕਨੀਕਾਂ ਤੇ ਸੁਵਿਧਾਵਾਂ ਦੀ ਵਰਤੋਂ ਨਹੀਂ ਕਰ ਸਕਦੇ ਤਾਂ ਅਸੀਂ ਪੱਛੜ ਜਾਵਾਂਗੇ। ਨਾਮਧਾਰੀਆਂ ਦਾ ਆਪਣਾ ਇੱਕ ਟੀ. ਵੀ. ਚੈਨਲ

ਸ਼ੁਰੂ ਕੀਤਾ ਜਾਵੇ। ਦਿੱਲੀ ਦੂਰਦਰਸ਼ਨ ਤੋਂ ਇੱਕ ਪੰਜਾਬੀ ਪ੍ਰੋਗਰਾਮ ਆਇਆ ਕਰਦਾ ਸੀ 'ਪੰਜਾਬੀ ਦਰਪਨ'। ਨਾਮਧਾਰੀ ਲਹਿਰ-ਇਤਿਹਾਸ ਦੇ ਸੁਨਹਿਰੀ ਪੰਨੇ-ਇਤਿਹਾਸਕਾਰਾਂ ਤੇ ਸਰਕਾਰਾਂ ਦੀ ਅਣਗਹਿਲੀ ਬੇ-ਰੁਖੀ ਨੇ ਦਬਾ ਦਿੱਤੇ। ਅਸੀਂ 'ਸੱਚ' ਲੋਕਾਂ ਸਾਹਵੇਂ ਪੇਸ਼ ਕਰੀਏ। ਆਪਣੇ ਟੀ. ਵੀ. ਚੈਨਲ ਰਾਹੀਂ ਅਸੀਂ ਵਿਸ਼ਵ ਪੱਧਰ ਤੇ 'ਨਾਮਧਾਰੀ ਲਹਿਰ' ਦੀ ਸਾਰਥਕ ਹੋਂਦ ਅਤੇ ਦੇਣ ਨੂੰ ਸੰਸਾਰ ਸਾਹਵੇਂ ਪੇਸ਼ ਕਰ ਸਕਦੇ ਹਾਂ।

**ਡਾ. ਸੁਰਜੀਤ ਸਿੰਘ ਭੱਟੀ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ** Valedictory Address **:** ਇਸ ਵਿਦਵਾਨ ਬੁਲਾਰੇ ਨੇ ਸਾਰੇ ਸਰੋਤਿਆਂ ਸਾਹਵੇਂ ਨਾਮਧਾਰੀ ਲਹਿਰ ਦੇ ਕਈ ਅਣਗੌਲੇ ਪੱਖ ਇੱਕ ਨਵੇਂ ਨਕੋਰ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤੇ। ਡਾ. ਭੱਟੀ ਨੇ ਕਿਹਾ ਕਿ 'ਕੂਕਾ ਲਹਿਰ' ਨੂੰ ਸਮਝਣ ਵਾਸਤੇ ਸਾਨੂੰ ਸ਼ਾਹ ਮੁਹੰਮਦ ਤੋਂ ਸ਼ੁਰੂ ਕਰਨਾ ਪਵੇਗਾ। ਆਪਣੀ ਕਾਵਿ ਪੁਸਤਕ 'ਜੰਗਨਾਮਾ-ਸਿੰਘਾਂ ਤੇ ਫਿਰੰਗੀਆਂ' ਵਿੱਚ ਲੇਖਕ ਦੀਆਂ ਇਹ ਸਤਰਾਂ ਹਨ- "ਹਿੰਦੂ ਮੁਸਲਿਮ ਬਿਨਾਂ ਨਹੀਂ ਕਦੇ ਤੀਜੀ ਜਾਤ ਆਈ। ਸਿੱਖ ਰਾਜ ਕਿਉਂ ਗਿਆ? ਇੱਕ ਤਾਂ ਇਹ ਕਿ ਸਿੱਖ ਉਹ ਨਾ ਰਹੇ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਏ ਸਨ। ਦੂਸਰੇ, ਸਤਿਗੁਰੂ ਰਾਮ ਸਿੰਘ ਜੀ ਨੇ ਅਪਨੀ ਖਾਲਸਾ ਫੌਜ ਵਿੱਚ ਅੱਠ ਸਾਲ ਦੀ ਨੌਕਰੀ ਸਮੇਂ ਸਿੱਖਾਂ ਦੀ ਇਸ ਗਿਰਾਵਟ ਨੂੰ ਬੜੀ ਨੇੜਿਓਂ ਤੱਕਿਆ ਅਤੇ ਬਹੁਤ ਹੀ ਸ਼ਿੱਦਤ ਨਾਲ ਮਹਿਸੂਸ ਕੀਤਾ। ਸਿੱਖ ਰਾਜ ਦੇ ਅਧਿਕਾਰੀ ਹੀ ਇੱਕ ਦੂਸਰੇ ਦੇ ਖੂਨ ਦੇ ਪਿਆਸੇ ਹੋ ਗਏ ਸੀ। ਤਿੰਨ ਵਰ੍ਹਿਆਂ ਵਿੱਚ ਚਾਲੀ ਕਤਲ ਹੋਏ ਤੇ ਮਹਾਰਾਜਾ ਰਣਜੀਤ ਸਿੰਘ ਦਾ ਕੋਈ ਵੀ ਯੋਗ ਅਧਿਕਾਰੀ ਜ਼ਿੰਦਾ ਨਾ ਬਚਿਆ। ਪਹਿਲੀ ਸਿੱਖ-ਅੰਗਰੇਜ਼ ਜੰਗ (ਮੁਦਕੀ ਦੀ) ਸਮੇਂ ਹੀ ਆਪ ਆਪਣੀ ਬੰਦੂਕ ਦਰਿਆ 'ਸਤਿਲੁਜ' ਵਿੱਚ ਸੁੱਟ ਕੇ ਆਪਣੇ ਪਿੰਡ ਵਾਪਸ ਆ ਗਏ। ਘੋਰ ਤਪੱਸਿਆ ਤੇ ਵਿਚਾਰ ਕੀਤੀ ਅਤੇ ਯੋਜਨਾ-ਬੱਧ ਢੰਗ ਨਾਲ ਸਿੱਖੀ ਨੂੰ ਪੁਨਰ ਸੁਰਜੀਤ ਕਰਕੇ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਤੇ ਦੇਸ਼ ਆਜ਼ਾਦੀ ਦੀ ਮੁਹਿੰਮ ਚਲਾਈ। ਨਿੱਕੇ ਜਿਹੇ ਪਿੰਡ ਭੈਣੀ ਸਾਹਿਬ ਨੂੰ ਸੰਸਾਰ ਦੇ ਨਕਸ਼ੇ ਉੱਪਰ ਉਜਾਗਰ ਕੀਤਾ। ਸਾਡੀ ਵਿਰਾਸਤ ਬੜੀ ਅਮੀਰ ਹੈ। ਇਹ ਵਿਰਾਸਤ ਸਾਡੇ ਸਤਿਗੁਰੂਆਂ ਦੀ ਦਿੱਤੀ ਹੋਈ ਹੈ। ਇਸ ਵਿਰਾਸਤ ਅਨੁਸਾਰ ਕਿਸੇ ਨਾਲ ਵਿਤਕਰਾ ਕੀਤਾ ਹੀ ਨਹੀਂ ਜਾ ਸਕਦਾ। ਸਤਿਗੁਰੂ ਰਾਮ ਸਿੰਘ ਜੀ ਨੇ 15 ਸਾਲ (1857 ਤੋਂ 1872) ਦੇ ਸਮੇਂ ਅੰਦਰ ਹੀ ਅਸਾਂ ਅਗਿਆਨੀ ਲੋਕਾਂ ਨੂੰ ਗਿਆਨ-ਰੂਪੀ ਪ੍ਰਕਾਸ਼ ਦੇ ਦਰਸ਼ਨ ਕਰਵਾ ਦਿੱਤੇ ਤੇ ਆਪਣੀ ਕਿਸਮਤ ਆਪ ਲਿਖਣ ਵਾਸਤੇ ਪੰਜਾਬੀਆਂ ਤੇ ਦੇਸ਼ ਵਾਸੀਆਂ ਨੂੰ ਰਸਤਾ ਦਿਖਾਇਆ। ਸਿੱਖੀ ਪਹਿਰਾਵੇ ਦਾ ਨਾਂ ਨਹੀਂ, ਅਮਲੀ ਜੀਵਨ, ਸਿੱਖੀ ਸਿਦਕ, ਤਿਆਗ ਅਤੇ ਕੁਰਬਾਨੀ ਦਾ ਨਾਂ ਹੈ। ਭਾਈ ਮਹਾਰਾਜ ਸਿੰਘ ਦੀ ਲਹਿਰ ਨੂੰ ਗੁਰੂ ਨਾਨਕ ਵਲੋਂ ਚਲਾਈ ਪ੍ਰੰਪਰਾ ਹੇਠ ਸਤਿਗੁਰੂ ਰਾਮ ਸਿੰਘ ਜੀ ਨੇ ਅਗਾਂਹ ਵਧਾਇਆ। ਅੰਗਰੇਜ਼ਾਂ ਸਾਡੀ ਮਾਂ-ਬੋਲੀ ਪੰਜਾਬੀ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਉਰਦੂ ਦਾ ਕਾਇਦਾ ਇੱਕ ਆਨੇ ਦਾ ਤੇ ਪੰਜਾਬੀ ਦਾ ਬਾਰਾਂ ਆਨੇ ਦਾ ਵਿਕਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਹਰ ਸਿੱਖ-ਬੁੱਢੇ ਬਾਲੇ, ਕੁੜੀ ਮੰਡੇ ਵਾਸਤੇ-ਪੰਜਾਬੀ (ਗੁਰਮੁਖੀ) ਪੜ੍ਹਨੀ ਲਾਜ਼ਮੀ ਕੀਤੀ ਤੇ ਗੁਰਬਾਣੀ ਦਾ ਪਾਠ ਕਰਨਾ ਵੀ ਜ਼ਰੂਰੀ ਕੀਤਾ। 'ਨਾਮਧਾਰੀ ਲਹਿਰ' ਦੱਬੇ-ਕੁਚਲੇ ਲੋਕਾਂ ਦੁਆਰਾ ਚਲਾਈ ਲਹਿਰ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਇੱਕ ਸਿੱਖ ਵੀ ਅੱਜ ਤੱਕ ਦੇਸ਼ ਦਾ ਗੱਦਾਰ ਪੈਦਾ ਨਹੀਂ ਹੋਇਆ। ਉਨ੍ਹਾਂ ਨੇ ਨਿਤਾਣੇ ਤੇ ਗ਼ਰੀਬ ਲੋਕਾਂ ਨੂੰ ਅੰਗਰੇਜ਼ ਸਾਮਰਾਜ ਦੇ ਵਿਰੁੱਧ ਖੜ੍ਹਾ ਕੀਤਾ। ਅੱਜ ਵੀ ਨਾਮਧਾਰੀ ਪੰਥ ਤੋਂ ਵੱਡੀਆਂ ਉਮੀਦਾਂ ਅਤੇ ਆਸਾਂ ਹਨ ਇਸ ਦੇਸ਼ ਨੂੰ।

**-ਮਹਿੰਦਰ ਸਿੰਘ ਕੂਕਾ**

------------------------

## ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ 6 ਅਨੰਦ ਕਾਰਜ ਤੇ ਪਾਠਾਂ ਦੇ ਭੋਗ

**ਸ੍ਰੀ ਭੈਣੀ ਸਾਹਿਬ** :- ਸ੍ਰੀ ਸਤਿਗੁਰੂ ਜੀ ਦਿੱਲੀ ਦੀ ਸੰਗਤ ਨੂੰ ਤਾਰਦੇ ਹੋਏ 31-12-18 ਨੂੰ ਸ੍ਰੀ ਭੈਣੀ ਸਾਹਿਬ ਦਰਸ਼ਨ ਦੇਣ ਦੀ ਕਿਰਪਾ ਕੀਤੀ। ਯਾਦ ਰਹੇ ਕਿ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਦਾ ਵਾਰਸ਼ਿਕ ਸੰਮੇਲਨ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਸੀ। ਜਿਸ ਵਿਚ ਸਤਿਗੁਰੂ ਜੀ ਚਾਰੋਂ ਦਿਨ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਸਾਲ ਦੇ ਅੰਤ ਵਿਚ ਸ੍ਰੀ ਭੈਣੀ ਸਾਹਿਬ ਦਰਸ਼ਨ ਦਿੱਤੇ ਤੇ ਵਰਸ਼ 2019 ਦੀ ਪਹਿਲੀ ਤਾਰੀਖ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਫਗਵਾੜੇ ਦੀ ਬੀਬੀਆਂ ਵਲੋਂ ਢੋਲਕੀ ਛੈਣਿਆਂ ਦੇ ਨਾਲ ਕੀਤਾ ਗਿਆ। ਬਹੁਤ ਹੀ ਸੁਰੀਲੀ ਤੇ ਉੱਚੀ ਆਵਾਜ਼ ਵਿਚ ਸ਼ਬਦਾਂ ਦੇ ਸੁਮੇਲ ਨਾਲ ਗਾਇਨ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਵਾਰੇ ਵਿਚ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਵਾਰੋ-ਵਾਰੀ ਨਮਸਕਾਰ ਕੀਤੀ। ਇਸ ਸਮੇਂ 6 ਆਨੰਦ-ਕਾਰਜ ਕੀਤੇ ਗਏ ਤੇ 6 ਪਾਠਾਂ ਦੇ ਭੋਗ ਆਨੰਦ ਕਾਰਜਾਂ ਵਾਲਿਆਂ ਵੱਲੋਂ ਪਾਏ ਗਏ। ਆਨੰਦ ਕਾਰਜਾਂ ਵਾਸਤੇ ਇਕ ਹਵਨ ਕੀਤਾ ਗਿਆ। ਲੜਕੇ, ਲੜਕੀਆਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਚਾਰ ਲਾਵਾਂ ਦਾ ਪਾਠ ਨਾਲ ਆਨੰਦ ਕਾਰਜ ਦੀ ਰਸਮ ਸਮਾਪਤ ਹੋਈ। ਦੁਪਹਿਰ ਵੇਲੇ ਕਥਾ ਸੰਤ ਕੁਲਬੀਰ ਸਿੰਘ ਜੀ ਨੇ ਕੀਤੀ। ਇਕ ਘੰਟਾ ਨਿਤਨੇਮ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ ਗਿਆ ਉਪਰੰਤ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

**-ਗੁਰਦੇਵ ਸਿੰਘ ਚੀਮਾਂ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੋ ਦਿਨੀਂ ਦੌਰਾ (ਇਲਾਕਾ ਜੀਵਨ ਨਗਰ)

23/12/18 ਨੂੰ ਤਕਰੀਬਨ 9 ਵਜੇ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸੇਵਕਾਂ ਨਾਲ ਮਸਤਾਨਗੜ੍ਹ ਪੁੱਜੇ ਅਤੇ 24 ਤਰੀਕ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਪ੍ਰਾਤਪ ਮੰਦਰ ਸੰਤ ਨਗਰ ਵਿਖੇ ਲੱਗੇ ਵਾਰੇ ਵਿਚ 5:12 ਵਜੇ ਦਰਸ਼ਨ ਦਿੱਤੇ। ਅੱਜ ਦਾ ਵਾਰਾ ਰਾਗੀ ਵਿਕਰਮ ਸਿੰਘ ਅਤੇ ਜਸਵੰਤ ਸਿੰਘ ਹੁਰਾਂ ਨੇ ਐਲਨਾਬਾਦ ਵਿਦਿਅਕ ਜਥੇ ਨਾਲ ਲਾਇਆ ਸੀ। ਵਾਰੇ ਦੇ ਭੋਗ ਉਪਰੰਤ ਕੁਝ ਚਿਰ ਮਸਤਾਨਗੜ੍ਹ ਰੁਕਣ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰ ਘਰ ਦੇ ਸਿੱਖ ਸੇਵਕ ਸੰਤ ਗੁਰਬਚਨ ਸਿੰਘ ਜੀ ਮੁਕਤਸਰ ਵਾਲਿਆਂ ਦੇ ਭੋਗ ਤੇ ਦਰਸ਼ਨ ਦਿੱਤੇ ਅਤੇ ਰਸਤੇ ਵਿਚ ਹਰਿਆਣੇ ਦੇ ਮੁੱਖ ਮੰਤਰੀ ਦੀ ਅਰਜ਼ ਪ੍ਰਵਾਨ ਕਰਦਿਆਂ (ਮਨਮੋਹਨ ਲਾਲ ਖੱਟੜ) ਸਰਸੇ ਗੈਸਟ ਹਾਊਸ ਵਿਚ ਦਰਸ਼ਨ ਦਿੱਤੇ। ਮੁਕਤਸਰ ਤੋਂ ਵਾਪਸੀ ਵਿਚ ਸੰਤ ਉਂਕਾਰ ਸਿੰਘ ਦੀ ਅਰਜ਼ ਕਰਨ ਤੇ ਉਨ੍ਹਾਂ ਦੀ ਮਾਤਾ ਮਹਿੰਦਰ ਕੌਰ ਜੀ ਅਤੇ ਡੱਬਵਾਲੀ ਸੰਗਤ ਨੂੰ ਦਰਸ਼ਨ ਦਿੰਦੇ ਹੋਏ ਐਲਨਾਬਾਦ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਮ ਸੇਵਕ ਸੰਤ ਸੇਵਾ ਸਿੰਘ ਜੀ ਮੰਡੀ ਵਾਲਿਆਂ ਦੇ ਭੋਗ ਤੇ ਦਰਸ਼ਨ ਦਿੱਤੇ। ਸੰਤ ਸੇਵਾ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਲੰਬੇ ਸਮੇਂ ਸੇਵਾ ਕੀਤੀ। ਉਹਨਾਂ ਦੀ ਸੇਵਾ ਨੂੰ ਭਾਗ ਲੱਗੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕਿਰਪਾ ਕੀਤੀ ਸੰਤਾਂ ਦੀ ਯਾਦ ਵਿਚ ਬਹੁਤ ਵਧੀਆ ਮੇਲਾ ਹੋਇਆ।

ਉਸ ਤੋਂ ਬਾਦ ਸੰਤ ਅਨੂਪ ਸਿੰਘ ਜੀ (ਸਰਸਾ) ਜੋ ਪਿਛਲੀ ਦਿਨੀਂ ਚੜ੍ਹਾਈ ਕਰ ਗਏ ਸਨ। ਉਨ੍ਹਾਂ ਦੇ ਭੋਗ ਤੇ ਦਰਸ਼ਨ ਦਿੱਤੇ ਵਾਪਸੀ ਸਰਸੇ ਸਵਰਗਵਾਸੀ ਸੰਤ ਜਗੀਰ ਸਿੰਘ ਦੇ ਘਰ ਬੀਬੀ ਪ੍ਰੀਤ ਕੌਰ ਜੀ ਜੋ ਕੁਝ ਦਿਨ ਬੀਮਾਰ ਰਹਿਣ ਤੋਂ ਬਾਦ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਪਰਿਵਾਰ ਨੂੰ ਦਰਸ਼ਨ ਦੇ ਹੌਂਸਲਾ ਦਿੱਤਾ ਅਤੇ ਅੱਗੇ ਰਾਣੀਆ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਹੀ ਪ੍ਰੇਮੀ ਕਾਂਗਰਸ ਦੇ ਲੀਡਰ ਆਤਮ ਪ੍ਰਕਾਸ਼ ਜੀ ਮਹਿਤਾ ਜੋ ਕੁਝ ਦਿਨ ਪਹਿਲਾਂ ਚੜ੍ਹਾਈ ਕਰ ਗਏ ਸਨ। ਉਨ੍ਹਾਂ ਦੇ ਪਰਿਵਾਰ ਨੂੰ ਦਰਸ਼ਨ ਦੇ ਕੇ ਵਾਪਸੀ ਚਾਲੇ ਪਾਏ। ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਮਸਤਾਨਗੜ੍ਹ ਪਹੁੰਚਣ ਤੇ ਚਰਨ ਪਰਸੇ । ਜਰੂਰਤ ਮੰਦਾਂ ਦੀਆਂ ਅਰਜ਼ਾਂ ਸੁਣ ਸਭ ਨੂੰ ਖੁਸ਼ੀਆਂ ਵੰਡਦੇ ਹੋਏ ਜਾ ਬਿਰਾਜਮਾਨ ਹੋਏ।

**25/12/18**-ਅੱਜ ਦੀ ਆਸਾ ਦੀ ਵਾਰ ਰਾਣੀਆਂ ਗੁਰਦੁਆਰੇ ਵਿਖੇ ਲੱਗੀ। ਜਿਸ ਵਿਚ ਕੀਰਤਨ ਸੰਤ ਜਸਵਿੰਦਰ ਸਿੰਘ ਭਿੰਡਰ ਅਤੇ ਰਾਗੀ ਵਿਕਰਮ ਸਿੰਘ ਚਾਨਾ ਨੇ ਕੀਤਾ। ਇਸ ਦੌਰਾਨ ਸ੍ਰੀ ਸਤਿਗੁਰੂ ਜੀ ਆ ਦਰਸ਼ਨ ਦਿੱਤੇ। ਭੋਗ ਤੋਂ ਬਾਦ ਸੰਤ ਅਨੂਪ ਸਿੰਘ ਜੀ ਵਪਾਰੀ ਅਤੇ ਰੰਧਾਵਾ ਟੈਂਟ ਹਾਊਸ ਤੇ ਚਰਨ ਪਾ ਕੇ ਸੰਗਤਾਂ ਨੂੰ ਖੁਸ਼ੀਆਂ ਦਿੰਦੇ ਹੋਏ ਵਾਪਸੀ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਲਾਂਗਰੀ ਦੀ ਸੇਵਾ ਕਰਨ ਵਾਲੇ ਸੰਤ ਗੁਲਜਾਰ ਸਿੰਘ ਜੀ ਦੇ ਘਰ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ। ਸੰਤ ਗਿਆਨ ਸਿੰਘ ਜੀ ਜਗਜੀਤ ਨਗਰ ਦੇ ਘਰ ਚਲ ਰਹੇ ਅਖੰਡ ਪਾਠ ਤੇ ਦਰਸ਼ਨ ਦਿੱਤੇ। ਭੋਗ ਤੋਂ ਬਾਦ ਐਲਨਾਬਾਦ ਵਿਖੇ ਗੁਰੂ ਘਰ ਦੇ ਪ੍ਰੀਤਵਾਨ ਸਿੱਖ ਸੰਤ ਦਰਸ਼ਨ ਸਿੰਘ ਜੀ (ਨੋਹਰ ਵਾਲੇ) ਜੋ ਕਿ 23 ਤਰੀਕ ਨੂੰ ਚੜ੍ਹਾਈ ਕਰ ਗਏ ਸਨ।ਪਰਿਵਾਰ ਨੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ 25 ਤਰੀਕ ਨੂੰ ਭੋਗ ਪਾ ਦਿੱਤਾ। ਉਸ ਤੋਂ ਬਾਦ ਸੰਤ ਨਗਰ ਵਿਖੇ ਮਾ. ਗੁਰਚਰਨ ਸਿੰਘ ਕਿਲੇ ਵਾਲਿਆਂ ਦੀ ਮਾਤਾ ਹਰਨਾਮ ਕੌਰ ਜੀ 98 ਸਾਲ ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਹੁਤ ਪਿਆਰੇ ਸਿੱਖ ਸੰਤ ਗੁਲਾਬ ਸਿੰਘ ਜੀ ਦੀ ਸਪੁੱਤਰੀ ਸੀ ਅਤੇ ਮਾਤਾ ਜੀ ਆਪ ਵੀ ਬਹੁਤ ਨਿਤਨੇਮੀ ਸਨ। ਗੁਰਚਰਨ ਸਿੰਘ ਹੁਰਾਂ ਦੱਸਿਆ ਕਿ ਦੋ ਦਿਨ ਪਹਿਲਾਂ ਮਾਤਾ ਜੀ ਕਹਿੰਦੇ ਹੁਣ ਮੇਰਾ ਸਮਾਂ ਆ ਗਿਆ ਹੈ ਦੋ ਦਿਨ ਬਾਦ ਚੜਾਈ ਕਰ ਗਏ ਸਨ। ਮਾਤਾ ਜੀ ਦੀ ਜਿੰਨੀ ਸ਼ਰਧਾ ਸ੍ਰੀ ਸਤਿਗੁਰੂ ਪ੍ਰਾਤਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸੀ ਉਨੀ ਹੀ ਸ਼ਰਧਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਤੇ ਸੀ। ਸ੍ਰੀ ਸਤਿਗੁਰੂ ਜੀ ਲੱਗੇ ਹੋਏ ਦੀਵਾਨ ਵਿਚ ਆ ਦਰਸ਼ਨ ਦਿੱਤੇ। ਸ੍ਰੀ ਸੁਤਿਗੁਰੂ ਜੀ ਉਪਦੇਸ਼ ਦਿੱਤਾ ਮਾਤਾ ਜੀ ਦੀ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਮਾਤਾ ਜੀ ਦੇ ਜੀਵਨ ਤੋਂ ਸੇਧ ਲਈ ਜਾਵੇ। ਸ੍ਰੀ ਸਤਿਗੁਰੂ ਜੀ ਸਭ ਨੂੰ ਨਾਮ ਜਪਣ ਦਾ ਅਤੇ ਗੁਰਬਾਣੀ ਪੜ੍ਹਨ ਦਾ ਉਪਦੇਸ਼ ਦੇ ਕੇ ਸਭ ਨੂੰ ਖੁਸ਼ੀਆਂ ਦਿੰਦੇ ਹੋਏ ਰਾਤ ਨੂੰ ਸ੍ਰੀ ਭੈਣੀ ਸਾਹਿਬ ਜਾ ਬਿਰਾਜੇ।

**ਸਤਿਗੁਰੂ ਉਦੇ ਸਿੰਘ ਜੀ ਦਾ ਜੀਵਨ ਨਗਰ ਇਲਾਕੇ ਵਿਖੇ ਇਕ ਦਿਨ ਦਾ ਦੌਰਾ** 1/1/19 ਸ੍ਰੀ ਭੈਣੀ ਤੋਂ ਆਸਾ ਦੀ ਵਾਰ ਦੇ ਭੋਗ ਤੋਂ ਬਾਦ ਸ੍ਰੀ ਸਤਿਗੁਰੂ ਜੀ ਸ੍ਰੀ ਜੀਵਨ ਨਗਰ ਵਿਖੇ ਨਵੇਂ ਬਣੇ ਸ੍ਰੀ ਜਗਜੀਤ ਮੰਦਰ ਵਿਖੇ ਮਾਸਟਰ ਹਰਸ਼ਾ ਸਿੰਘ ਜੀ ਦੀ ਪਤਨੀ ਬੀਬੀ ਜੋਗਿੰਦਰ ਕੌਰ ਜੀ ਦੇ ਦੇ ਭੋਗ ਤੇ ਦਰਸ਼ਨ ਦਿੱਤੇ। ਮੰਦਰ ਵਿਚ ਸੰਤ ਹਰਜੀਤ ਸਿੰਘ ਸਰਸੇ ਵਾਲਿਆਂ ਨੇ ਬਹੁਤ ਹੀ ਰਸ ਭਿੰਨਾ ਦੀਵਾਨ ਸਜਾਇਆ। ਬੀਬੀ ਜੋਗਿੰਦਰ ਕੌਰ ਸੂਬਾ ਮੀਹਾਂ ਸਿੰਘ ਜੀ ਦੇ ਪੋਤਰੀ ਸਨ। ਬੀਬੀ ਜੀ ਬਹੁਤ ਨਿੱਘੇ ਸੁਭਾਅ ਦੇ ਸਨ ਅਤੇ ਬਹੁਤ ਹੀ ਸੇਵਾ ਭਾਵਨਾ ਵਾਲੇ ਸਨ। ਜੀਵਨ ਨਗਰ ਰਹਿੰਦਿਆਂ ਜਦੋਂ ਵੀ ਬੇਬੇ ਦਲੀਪ ਕੌਰ ਜੀ ਨੂੰ ਸੇਵਾ ਵਾਸਤੇ ਬੀਬੀਆਂ ਦੀ ਲੋੜ ਹੁੰਦੀ ਤਾਂ ਬੀਬੀ ਜੋਗਿੰਦਰ ਕੌਰ ਦੇ ਨਾਲ ਹੋਰ ਬੀਬੀਆਂ ਦਾ ਜਥਾ ਹਰ ਵੇਲੇ ਸੇਵਾ ਵਾਸਤੇ ਤਿਆਰ ਰਹਿੰਦਾ। ਅੱਜ ਬੀਬੀ ਜੋਗਿੰਦਰ ਕੌਰ ਦੇ ਭੋਗ ਤੇ ਸ੍ਰੀ ਸਤਿਗੁਰੂ ਜੀ ਉਚੇਚੇ ਤੌਰ ਤੇ ਦਰਸ਼ਨ ਦਿੱਤੇ। ਉਪਰੰਤ ਸਤਿਗੁਰੂ ਜੀ ਨੇ ਸੰਤ ਨਗਰ ਵਿਖੇ ਸੰਤ ਰਤਨ ਸਿੰਘ ਜੀ ਵਿਰਕ ਵਰਨਾਂ ਵਾਲੇ ਦੇ ਘਰੋਂ ਬੀਬੀ ਬਲਵੀਰ ਕੌਰ ਜੀ (80 ਸਾਲ) ਦੇ ਭੋਗ ਤੇ ਪਰਤਾਪ ਮੰਦਰ ਵਿੱਚ ਦਰਸ਼ਨ ਦਿੱਤੇ। ਇਹ ਮਾਤਾ ਹਾਕੀ ਪਲੇਅਰ ਸੁਵਰਗਵਾਸੀ ਗੁਰਨਾਮ ਸਿੰਘ ਦੀ ਮਾਤਾ ਜੀ ਸਨ। ਮਾਤਾ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਘਰ ਦੇ ਬਹੁਤ ਵਧੀਆ ਸਿੱਖ ਅਤੇ ਨਿਤਨੇਮੀ ਸਨ। ਪ੍ਰਤਾਪ ਮੰਦਰ ਵਿਚ ਜ. ਕਮਾਲ ਸਿੰਘ ਜੀ ਭੈਣੀ ਸਾਹਿਬ ਵਾਲੇ ਕੀਰਤਨ ਕਰ ਰਹੇ ਸਨ। ਭੋਗ ਤੋਂ ਬਾਦ ਸੰਤ ਨਗਰ ਵਿਖੇ ਹੀ ਸੰਤ ਮੁਖਤਿਆਰ ਸਿੰਘ ਪੰਡੋਰੀ ਵਾਲਿਆਂ ਦਾ ਲੜਕਾ ਚੜ੍ਹਾਈ ਕਰ ਜਾਣ ਤੇ ਸ੍ਰੀ ਸਤਿਗੁਰੂ ਜੀ ਪਰਿਵਾਰ ਨੂੰ ਦਰਸ਼ਨ ਦੇ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਹੋਏ ਆਪਣੇ ਸਿੱਖ ਸੇਵਕਾਂ ਸਮੇਤ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿੱਤੇ। **-ਗੁਰਮੀਤ ਸਿੰਘ ਚਾਨਾ**

ਸਰਹਿੰਦ (ਫਤਹਿਗੜ੍ਹ ਸਾਹਿਬ) ਵਿਖੇ ਸ਼ਹੀਦੀ ਮੇਲੇ ਦੌਰਾਨ
ਸ੍ਰੀ ਸਤਿਗੁਰੂ ਜੀ ਦਰਸ਼ਨ ਦਿੰਦੇ ਹੋਏ।





ਲੁਧਿਆਣਾ ਵਿਖੇ ਬੁੱਢੇ ਦਰਿਆ (ਨਾਲੇ) ਦੀ ਸਫ਼ਾਈ ਮੁਹਿੰਮ ਦੌਰਾਨ
ਸ੍ਰੀ ਸਤਿਗੁਰੂ ਜੀ ਅਤੇ ਹੋਰ ਪਤਵੰਤੇ ਸੱਜਣ।









Date of Publication:9-1-2019,
Date of Posting: 10-11 Jan.2019

RNI NO. 55658/93 Delhi Postal Regd. No. DL(W) 01/2055/18-20

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਆਪ ਜੀ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ 1997 ਈ. ਤੋਂ ਆਰੰਭ ਕੀਤੇ
ਸਵਾ ਲੱਖ ਪਾਠ ਸੰਪੂਰਨ ਹੋ ਗਏ ਹਨ।
ਹਜ਼ੂਰ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਪਾਠਾਂ ਦੇ ਭੋਗਾਂ ਦਾ ਮੇਲਾ

**3 ਤੋਂ 10 ਫਰਵਰੀ 2019 ਮੁਤਾਬਿਕ (੨੧ ਤੋਂ ੨੮ ਮਾਘ ੨੦੭੫ ਬ੍ਰਿ.) ਨੂੰ**

ਸ੍ਰੀ ਭੈਣੀ ਸਾਹਿਬ ਹੋ ਰਿਹਾ ਹੈ।
ਸਰਬੱਤ ਮਾਈ ਭਾਈ ਪਾਠਾਂ ਦੇ ਇਸ ਮਹਾਨ ਕੁੰਭ ਵਿੱਚ ਹਿੱਸਾ ਪਾ ਕੇ
ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਨੋਟ: ਪਾਠਾਂ ਦੇ ਭੋਗ ਸਮਾਗਮ ਵਿੱਚ ਸ਼ਮਿਲ ਹੋਣ ਵਾਲੀ ਸਾਧ ਸੰਗਤ
ਆਪਣੇ ਗੁਟਕੇ ਤੇ ਰੇਲਾਂ ਨਾਲ ਲੈ ਕੇ
2 ਫਰਵਰੀ 2019 ਤੱਕ ਸ੍ਰੀ ਭੈਣੀ ਸਾਹਿਬ ਪਹੁੰਚ ਜਾਵੇ।**

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.